ਮਈ 2010

ਅੰਮ੍ਰਿਤ ਕੀਰਤਨ

SARANDA

Guru Arjan Dev (1563-1606), fifth Sikh Guru, was a master musician and musicologist. He had a great passion for folk music, and looking at his contribution to the musical heritage of India, we see a huge line up which is influenced by folk traditions.

The Saranda took birth from his passion for music. However, there are varying statements and opinions by scholars as to who actually created the Saranda. Some say it was the idea of Guru Angad Dev Ji and was developed by Guru Ramdas Sahib, the fourth Guru. Examining the facts concerning that time period, and the musical interests related to that period, it makes more sense to believe that Guru Arjan Dev ji invented, or developed, the Saranda. He is said to have designed the Saranda (a large bowl-shaped string instrument, played with bow), which he himself played and used as the ideal accompaniment for the male voice.

The Saranda produces a hauntingly beautiful deep tone quality which sings in alternation and in support of the human voice.

Coursey : sikhmusicalheritage.com

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



ਲੀਜੈ ਆਪੂੰ ਜੋੜ

ਪ੍ਰੇਮ ਦੀ ਤਰੰਗ ਨੇ ਉਮੰਗ ਮੈਂ ਨਿਸੰਗ ਕੀਨੋ,
ਚਾਰ ਤੁੱਕ ਰੰਗ ਬਦਰੰਗ, ਦਾਸ ਰਾਚਿਉ।

ਗਿਆਨ ਕੀ ਨ ਸਾਰ, ਉਰਵਾਰ ਪਾਰ ਲਭਦਾ ਨਾ,
ਲੀਲਾ ਕਾ ਨ ਅੰਤ, ਕਰਤਾਰ ਮੇਰੇ ਸਾਚਿਉ।

ਹੋਵੋ ਜੇ ਸਹਾਈ, ਔਕੜ, ਆਂਵਦੀ ਨ ਕਾਈ,
ਸਭ ਵੇਖਦੀ ਲੋਕਾਈ, ਸੱਚੇ ਰਬ ਪਾਸੋਂ ਜਾਚਿਉ।

ਬਿਨੇ ਹੱਥ ਜੋੜ, ਸੰਤੋਖ ਕਹਿਤ ਮੇਰੇ ਪ੍ਰਭੂ,
ਲੀਜੇ ਆਪੂੰ ਜੋੜ, ਨਾਲੇ ਭੁੱਲ ਚੁੱਕ ਮਾਫ਼ਿਉ।

ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ

ਆਨਰੇਰੀ ਸਲਾਹਕਾਰ

ਸ: ਹਰਚੰਦਨ ਸਿੰਘ

▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ

▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 16● ●15
ਫੋਨ : 0172-277266●, ●9814● 5363●
e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

ਇਸ ਅੰਕ ਵਿਚ

ਮਿਤ੍ਰ ਅਸਾਡੜੇ ਸੇਈ 4

Gyan 4
Sumeet Kaur

ਕਰਉ ਬੇਨੰਤੀਆ - ਸੰਪਾਦਕੀ 5

ਪੂਤਾ ਮਾਤਾ ਕੀ ਅਸੀਸ 6
ਅੱਛਰ ਸਿੰਘ ਮੁੰਬਈ

ਗੁਰੂ ਨਾਨਕ ਦੇਵ ਜੀ ਦੀ ਕਾਵਿ-ਸੰਗੀਤ ਕਲਾ
ਡਾ. ਹਰਬੰਸ ਸਿੰਘ 11

ਭਾਈ ਮੋਹਨ ਸਿੰਘ ਘਾਇਲ
ਕਰਮ ਸਿੰਘ ਰਤਨ 14

GENDER EQUALITY IN SIKHISM
(Gurcharan Singh Jaito) **19**

"Hunger And Suffering As Seen Through The Eyes of A Child In The Punjab"
Sandeep Singh **22**

ਗੁਰੂ ਗ੍ਰੰਥ ਰਚਨਾ
ਗੁਰਜੰਤ ਸਿੰਘ ਰਾਹੀ 24

ਸੁਰ ਲਿਪੀ - ਰਾਗੁ ਰਾਮਕਲੀ
ਜਬਰ ਜੰਗ ਸਿੰਘ 25

Please forward your e-mail id at drjagirsingh@gmail.com

✉ ਮਿਤ੍ਰ ਅਸਾਡੜੇ ਸੇਈ

ਆਪ ਦੇ ਸੰਪਾਦਕੀ 'ਕਹਾਣੀ ਜੋ ਕਹਾਣੀ ਨਹੀਂ' ਅਤੇ ਉਸ ਬਾਰੇ ਆਏ ਪ੍ਰਤੀਕਰਮਾਂ ਨੂੰ ਵਾਚਣ ਤੋਂ ਉਪਰੰਤ ਮੈਨੂੰ ਜਾਪਦਾ ਹੈ ਕਿ ਸਾਡੇ ਜੀਵਨ ਵਿੱਚ ਗੁਰਮਤਿ ਦੇ ਸਿਧਾਂਤਕ ਅਤੇ ਵਿਵਹਾਰਕ ਪੱਧਰ ਤੇ ਕਾਫੀ ਅੰਤਰ ਹੈ। ਗੁਰਮਤਿ ਨੂੰ ਸਿਧਾਂਤਕ ਪੱਧਰ ਤੇ ਜਾਣਨ ਵਾਲੇ ਵਿਦਵਾਨ ਵੀ ਵਿਵਹਾਰ ਵਿੱਚ ਪ੍ਰਚਲਤ ਰਹੁ ਰੀਤਾਂ ਨੂੰ ਅਪਣਾਉਂਦੇ ਹਨ। ਜਦੋਂ ਆਪਣੇ ਗੁਰੂ ਦਾ ਸ਼ੁਕਰਾਨਾ ਕਰਨਾ ਹੋਵੇ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਵਧੀਆ ਰੁਮਾਲਾ ਭੇਟ ਕਰਨ ਤੋਂ ਇਲਾਵਾ ਕੁਝ ਸੁਝਦਾ ਨਹੀਂ। ਇਹ ਪ੍ਰਥਾ ਹਰ ਥਾਂ ਪ੍ਰਚਲਤ ਹੈ। ਫਿਰ ਗੁਰੂ ਦੇ ਸਤਿਕਾਰ ਵਜੋਂ ਵਧੀਆ ਤੋਂ ਵਧੀਆ ਅਤੇ ਕੀਮਤੀ ਤੋਂ ਕੀਮਤੀ ਰੁਮਾਲਾ ਭੇਟਾ ਕਰਨਾ ਵੀ ਆਪਣਾ ਫਰਜ ਸਮਝਿਆ ਜਾਂਦਾ ਹੈ। ਵੱਖ ਵੱਖ ਗੁਰਦੁਆਰਾ ਸਾਹਿਬਾਨ ਵਿੱਚ ਵਿਖਾਵੇ ਵਜੋਂ ਜੋ ਪੇਸ਼ ਕੀਤਾ ਜਾਂਦਾ ਹੈ ਸਧਾਰਨ ਸ਼ਰਧਾਲੂ ਦਾ ਉਸ ਵੱਲ ਖਿਚਿਆ ਜਾਣਾ ਸੁਭਾਵਿਕ ਹੈ। ਜੇ ਗੁਰਮਤਿ ਸਿਧਾਂਤਾਂ ਅਨੁਸਾਰ ਇਹ ਉਚਿਤ ਨਹੀਂ ਹੈ ਤਾਂ ਇਸ ਰਸਮ ਤੋਂ ਮੁਕਤ ਹੋਣ ਲਈ ਪਹਿਲ ਉਹਨਾਂ ਮਹਾਂ ਪੁਰਖਾਂ ਤੋਂ ਹੀ ਹੋਣੀ ਚਾਹੀਦੀ ਹੈ ਜਿਹੜੇ ਸਾਡੇ ਰੋਲ ਮਾਡਲ ਹਨ। ਬਾਕੀ ਆਪਨੇ ਜੋ ਪ੍ਰਬੰਧ ਬਾਰੇ ਟਿਪੱਣੀ ਕੀਤੀ ਹੈ ਇਹ ਤਾਂ ਮੌਜੂਦਾ ਵਪਾਰਕ ਜੁਗ ਦੀ ਹੀ ਦੇਣ ਹੈ। ਇਸ ਦਾ ਹੱਲ ਪੂਰੀ ਤਰ੍ਹਾਂ ਸੰਭਵ ਨਹੀਂ ਜਾਪਦਾ ਫਿਰ ਵੀ ਜਤਨ ਤਾਂ ਕਰਨੇ ਹੀ ਚਾਹੀਦੇ ਹਨ।

ਹਰਵਿੰਦਰ ਕੌਰ, ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

Gyan

Sumeet Kaur

Journey to God is pathless. And it is so because God is close. There is no distance between man and God. There is no place where God is not. We cannot seperate ourselves from God. He is always there with us. He always keeps his doors open but we are always hesitant. When someone is so very close to us, we tend to overlook and become unmindful and we forget him. Our petty ego gets attacted by the worldly glamour and travels always from God in search of power, prestige and pleasures. His eyes see the outer world & he misses the real. So until he turns within he cannot get knowledge because without self-knowledge and self awareness we cannot get true knowledge. So there are four ways or paths of getting that knowledge & move towards God-Realization.

1. **Gyan** - Means enlightment, means to know the true. You cannot get the knowledge from outside, it happens within. This comes only with Gods grace. Relogion depends on the supereme knowledge which a person can come from within. When a man gets enlightened, there is nothing good, bad, evil, noble. The whold wold is engrossed in judging the good & bad deeds of people. The truly enlightened sould does not bother for honour or dishonour. He remains non-judgemental & its always in peace & bliss. Everone uters holy mantras but without stilling the mind. To obtain bliss, the seeker should sincerely begin his search by reflecting on the Gurus message & practically living it up.

As he goes deep into the holy words, follows the Guru's message, his petty self-ego goes.

2. **Dhyan** : It is the powers that a man has to focus on a certain task, object, thought or activity. Our mind is continously jumping from one object to another. It has unending desires so it goes on roaming in all directions.

The habit of roaming can be stopped by Dhyan. So the seeker has to consciously make an effort focus attention on the wold "Waheguru" The tongue utters, ears hearing, the mind cherishing are all roads to bliss.

3. **Good throughts & Good actions :** from todays take a pledge that you will

"Think Good, Wish Good, Speak Good, Do Good

The real road to peace & bliss is remembering the following words:

"Thd Good and evil actions that we do, or direct towards others will come back to us in someway or the other so wisdom is in doing right actions.

4. **Remembering this universal player**

'O God! Bless All with Health, Wealth, Money, Peace, Bliss, your wisdom, Devotion and your Divine Grace.

Pune

ਕਰਉ ਬੇਨੰਤੀਆ

ਨਾਟਕਕਾਰ ਚਰਨ ਸਿੰਘ ਸਿੰਧਰਾ

ਪਿਛੇ ਜਿਹੇ ਆਪਣੇ ਇੱਕ ਪੁਰਾਣੇ ਮਿੱਤਰ ਚਰਨ ਸਿੰਘ ਸਿੰਧਰਾ ਮਿਲਣ ਗਿਆ। ਉਹਨਾਂ ਮੈਨੂੰ ਆਪਣੀਆਂ ਚਾਰ ਨਾਟ- ਪੁਸਤਕਾਂ ਭੇਟ ਕੀਤੀਆਂ। ਚਰਨ ਸਿੰਘ ਸਿੰਧਰਾ ਪੰਜਾਬ ਸਰਕਾਰ ਦੇ ਲੋਕ ਸੰਪਰਕ ਵਿਭਾਗ ਵਿੱਚ ਗੀਤ ਅਤੇ ਨਾਟਕ ਅਫਸਰ ਦੇ ਅਹੁਦੇ ਤੋਂ ਰਿਟਾਇਰ ਹੋਏ ਹਨ। ਉਹਨਾਂ ਨੇ ਇਹ ਨਾਟ ਪੁਸਤਕਾਂ ਆਪਣੇ ਉਹਨਾਂ ਨਾਟਕਾਂ ਦੇ ਆਧਾਰ ਤੇ ਲਿਖੀਆਂ ਹਨ ਜਿਹੜੇ ਸਿੱਖ ਇਤਿਹਾਸ ਨਾਲ ਸਬੰਧਤ ਸ਼ਤਾਬਦੀਆਂ ਮਨਾਉਣ ਸਮੇਂ ਖੇਡੇ ਗਏ ਸਨ।

1-ਨਾਟਕ- ਭਲੇ ਅਮਰ ਦਾਸ ਗੁਣ ਤੇਰੇ - ਗੁਰੂ ਅਮਰ ਦਾਸ ਜੀ ਦੀ ਪੰਜ ਸੌ ਸਾਲਾ ਸ਼ਤਾਬਦੀ ਸਮੇਂ ਵੱਖ ਵੱਖ ਸ਼ਹਿਰਾਂ ਵਿੱਚ ਬੜੀ ਸਫਲਤਾ ਨਾਲ ਖੇਡਿਆ ਗਿਆ। 2-ਨਾਟਕ - ਗੁਰ ਜੋਤਿ ਅਰਜਨ- ਗੁਰੂ ਅਰਜਨ ਦੇਵ ਜੀ ਦੀ ਚਾਰ ਸੌ ਸਾਲਾ ਸ਼ਤਾਬਦੀ ਸਮੇਂ ਖੇਡਿਆ ਗਿਆ ਸੀ। 3-ਨਾਟਕ-ਮਰਦ ਅੰਗਮੜਾ- ਖਾਲਸੇ ਦੀ ਤਿੰਨ ਸੌ ਸਾਲ ਸ਼ਤਾਬਦੀ ਨੂੰ ਸਮਰਪਿਤ ਹੈ। 4-ਨਾਟਕ- ਸਾਕਾ ਚਮਕੌਰ ਉਰਫ ਗੰਜਿ ਸ਼ਹੀਦਾਂ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਹੈ। ਇਹਨਾਂ ਵਿੱਚੋਂ ਭਲੇ ਅਮਰਦਾਸ ਗੁਣ ਤੇਰੇ ਨਾਟਕ ਦਾ ਖਰੜਾ ਮੈਂ ਪਹਿਲਾਂ ਪੜ੍ਹਿਆ ਸੀ।

ਹੁਣ ਜਦੋਂ ਸਿੰਧਰਾ ਜੀ ਦੇ ਘਰ ਗਿਆ ਤਾਂ ਵੇਖਿਆ ਕਿ ਐਕਸੀਡੈਂਟਾਂ ਕਾਰਨ ਭਾਵੇਂ ਉਹਨਾਂ ਦੀ ਸਿਹਤ ਠੀਕ- ਠੀਕ ਹੈ ਪਰ ਗੁਰ ਇਤਿਹਾਸ ਨਾਲ ਸਬੰਧਤ ਕੁਝ ਨਾ ਕੁਝ ਕਰਨ ਦਾ ਜਜ਼ਬਾ ਪੂਰੀ ਤਰ੍ਹਾਂ ਕਾਇਮ ਹੈ। ਸਭ ਤੋਂ ਵੱਡੀ ਖੁਸ਼ੀ ਉਦੋਂ ਹੋਈ ਜਦੋਂ ਉਹਨਾਂ ਦੇ ਪੋਤਰੇ ਪਦਮ ਨੂੰ ਗਾਉਂਦਿਆਂ ਸੁਣਿਆ। ਹਾਰਮੋਨੀਅਮ ਵਜਾਉਂਦਾ ਉਹ ਖਾਨਦਾਨੀ ਗਾਇਕ ਜਾਪਦਾ ਹੈ। ਉਸ ਦੇ ਗਲੇ ਵਿੱਚ ਕਲਾਸੀਕਲ ਗਾਇਕਾਂ ਵਾਲੀ ਪਰਪੱਕਤਾ ਹੈ। ਤਾਲੀਮ ਲੈ ਕੇ ਉਹ ਵਧੀਆ ਗਾਇਕ ਬਣ ਸਕਦਾ ਹੈ। ਮੈਂ ਉਸ ਨੂੰ ਹਲਕੀ ਫੁਲਕੀ ਗਾਇਕੀ ਛੱਡ ਕੇ ਕਲਾਸੀਕਲ ਗਾਇਨ ਦੀ ਤਾਲੀਮ ਲੈਣ ਦੀ ਸਲਾਹ ਦਿੱਤੀ। ਸਿੰਧਰਾ ਸਾਹਿਬ ਖੁਸ਼ ਹਨ। ਇਨਾਮਾਂ ਸਨਮਾਨਾਂ ਬਾਰੇ ਉਹ ਘਟ ਹੀ ਸੋਚਦੇ ਹਨ। ਉਹਨਾਂ ਦੇ ਵਿਚਾਰ ਅਨੁਸਾਰ ਇਹ ਗੱਲਾਂ ਜੀਅ ਕਾ ਜੰਜਾਲ ਹਨ। ਛੇਤੀ ਹੀ ਉਹ ਕੁਝ ਹੋਰ ਸਾਰਥਕ ਕਰਨ ਜਾ ਰਹੇ ਹਨ।

ਟੀ.ਨਰਿੰਦਰਪਾਲ ਸਿੰਘ ਜੀ ਦਾ ਅਕਾਲ ਚਲਾਣਾ

ਮੇਰੇ ਪਰਮ ਮਿੱਤਰ ਟੀ. ਨਰਿੰਦਰਪਾਲ ਸਿੰਘ ਵਿਕਾਸ ਪੁਰੀ ਨਵੀਂ ਦਿੱਲੀ ਵਾਲੇ ਅਕਾਲ ਚਲਾਣਾ ਕਰ ਗਏ ਹਨ। ਨਰਿੰਦਰਪਾਲ ਸਿੰਘ ਨਾਮੀ ਫੋਟੋਗਰਾਫਰ ਸਨ। ਕਿਸੇ ਸਮੇਂ ਉਹ ਧਰਮਯੁਗ, ਇਲਸਟ੍ਰਡ ਵੀਕਲੀ ਆਦਿ ਰਸਾਲਿਆਂ ਦੇ ਮੁੱਖ ਫੋਟੋਗ੍ਰਾਫਰ ਹੁੰਦੇ ਹਨ। ਇਸ ਦੇ ਨਾਲ ਨਾਲ ਉਹ ਗੁਰਬਾਣੀ ਕੀਰਤਨ ਬਾਰੇ ਬਹੁਤ ਸੰਵੇਦਨਸ਼ੀਲ ਸਨ। ਉਹਨਾਂ ਨੇ ਭਾਈ ਸੰਤਾ ਸਿੰਘ, ਭਾਈ ਸਮੁੰਦ ਸਿੰਘ, ਭਾਈ ਸ਼ਮਸ਼ੇਰ ਸਿੰਘ ਵਰਗੇ ਕੀਰਤਨੀਆਂ ਨੂੰ ਸੁਣਿਆ ਹੋਇਆ ਸੀ ਅਤੇ ਉਹਨਾਂ ਨਾਲ ਨਿਜੀ ਸਬੰਧ ਵੀ ਬਣਾਏ ਹੋਏ ਸਨ। ਉਹਨਾਂ ਨੂੰ ਕੀਰਤਨ ਰਿਕਾਰਡ ਕਰਨ ਅਤੇ ਚਿੱਠੀਆਂ ਲਿਖਣ ਦਾ ਸ਼ੌਕ ਸੀ।

ਮੇਰੇ ਨਾਲ ਉਹਨਾਂ ਦੇ ਸਾਰੇ ਪਰਿਵਾਰ ਦਾ ਖਾਸ ਸਨੇਹ ਸੀ। ਉਹ ਆਪਣੇ ਸਾਰੇ ਭੈਣਾਂ ਭਰਾਵਾਂ ਨੂੰ ਬਹੁਤ ਮੋਹ ਕਰਦੇ ਸਨ। ਖਾਸ ਕਰਕੇ ਛੋਟੇ ਬੱਚਿਆਂ ਨੂੰ। ਜਿਸ ਕਿਸੇ ਨੂੰ ਮਿਲਦੇ ਉਸ ਦੇ ਸਾਰੇ ਪਰਿਵਾਰ ਬਾਰੇ ਜਾਣਕਾਰੀ ਲੈਂਦੇ ਫਿਰ ਜਦੋਂ ਵੀ ਮੌਕਾ ਮਿਲਦਾ ਉਹਨਾਂ ਦੇ ਨਾਮ ਲੈ ਕੇ ਉਹਨਾਂ ਦਾ ਹਾਲ ਚਾਲ ਪੁਛਦੇ। ਕੀਰਤਨ ਸਮੇਂ ਜਦੋਂ ਨਵਾਂ ਸ਼ਬਦ ਸੁਣਦੇ ਮੈਨੂੰ ਫੋਨ ਉੱਤੇ ਉਸ ਦਾ ਪੰਨਾ ਆਦਿ ਪੁਛ ਕੇ ਉਸ ਦੇ ਅਰਥ ਵਾਚਦੇ। ਉਹਨਾਂ ਦਾ ਪਰਿਵਾਰ ਅਮਰੀਕਾ, ਆਸਟ੍ਰੇਲੀਆ, ਹਾਲੈਂਡ ਆਦਿ ਮੁਲਕਾਂ ਵਿੱਚ ਫੈਲਿਆ ਹੋਇਆ ਹੈ। ਮੈਨੂੰ ਸਾਰਿਆਂ ਨੇ ਬਹੁਤ ਪਿਆਰ ਸਤਿਕਾਰ ਦਿੱਤਾ ਹੈ। ਉਹਨਾਂ ਦੇ ਭੋਗ ਤੇ ਕੀਰਤਨ ਵੀ ਕਰ ਆਇਆ ਹਾਂ। ਸਾਰਿਆਂ ਨੂੰ ਤਿਫਲ-ਤੱਸਲੀਆਂ ਵੀ ਦੇ ਆਇਆ ਹਾਂ। ਪਰ ਮੈਨੂੰ ਸਮਝ ਨਹੀਂ ਆ ਰਹੀ ਮੈਂ ਆਪਣੇ ਮਨ ਦੀ ਵਿਅਥਾ ਕਿਸ ਤਰ੍ਹਾਂ ਅਤੇ ਕਿਸ ਨੂੰ ਆਖਾਂ। ਉਹਨਾਂ ਕਰ ਕੇ ਦਿੱਲੀ ਮੈਨੂੰ ਆਪਣੀ ਆਪਣੀ ਜਾਪਦੀ ਸੀ। ਖੈਰ...।

ਪੂਤਾ ਮਾਤਾ ਕੀ ਅਸੀਸ

ਅੱਛਰ ਸਿੰਘ ਮੁੰਬਈ

ਸੁਣੋ ! ਸੁਣੋ !! ਧਿਆਨ ਨਾਲ ਸੁਣੋ !!! ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਾ ਇਕ ਫਤਵਾ। ਜਿਹੜੀ ਮਾਂ ਆਪਣੇ ਬੱਚਿਆਂ ਨੂੰ ਰੱਬ ਦੀ ਬੰਦਗੀ ਵੱਲ ਨਹੀਂ ਲਾ ਸਕਦੀ, ਉਸ ਨੂੰ ਬੱਚੇ ਜੰਮਣ ਦਾ ਕੋਈ ਹੱਕ ਨਹੀਂ।

ਜੈਤਸਰੀ ਮਹਲਾ ੪

ਜਿਨ ਹਰਿ ਹਿਰਦੈ ਨਾਮ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ॥
ਤਿੰਨ ਸੁੰਞੀ ਦੇਹ ਫਿਰਹਿ ਬਿਨ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ॥੧॥
ਮੇਰੇ ਮਨ ਜਪਿ ਰਾਮ ਨਾਮ ਹਰਿ ਮਾਝਾ॥
ਹਰਿ ਹਰਿ ਕ੍ਰਿਪਾਲ ਕ੍ਰਿਪਾ ਪ੍ਰਭਿ ਧਾਰੀ ਗੁਰਿ ਗਿਆਨ ਦੀਓ ਮਨ ਸਮਝਾ। ਰਹਾਉ॥
....॥੪॥5॥

ਅਰਥ : ਜਿਹਨਾਂ ਦੇ ਹਿਰਦੇ ਵਿਚ ਹਰੀ ਦਾ ਨਾਮ ਨਹੀਂ ਵਸਿਆ, ਹੇ ਹਰੀ ! ਉਸ ਦੀ ਮਾਂ ਨੂੰ ਬਾਂਝ ਕਰ ਦਿਉ (ਭਾਵ ਅੱਗੋਂ ਉਹ ਬੱਚਾ ਨਾ ਜੰਮ ਸਕੇ) ਉਸ ਦੀ ਕਾਇਆ ਨਾਮ ਤੋਂ ਬਿਨਾਂ ਖਾਲੀ ਰਹਿੰਦੀ ਹੈ। ਉਹ ਨਾਮ ਤੋਂ ਬਿਨਾ ਭਟਕਦੇ ਰਹਿੰਦੇ ਹਨ ਅਤੇ ਦੁੱਖ ਵਿਚ ਖਿਝ ਖਿਝ ਕੇ ਖਪ ਖਪ ਕੇ ਮਰਦੇ ਹਨ।੧11

ਹੇ ਮੇਰੇ ਮਨ ! ਤੂੰ ਉਸ ਹਰੀ ਦਾ ਨਾਮ ਜਪ। ਉਹ ਹਰੀ ਤੇਰੇ ਵਿਚ ਹੀ ਵਸਦਾ ਹੈ। ਹੇ ਭਾਈ ! ਉਸ ਕ੍ਰਿਪਾਲੂ ਹਰੀ ਨੇ ਕ੍ਰਿਪਾ ਕੀਤੀ ਤੇ ਗੁਰੂ ਨੇ ਉਸ ਹਰੀ ਦਾ ਗਿਆਨ ਦਿੱਤਾ, ਤਾਂ ਮੇਰੇ ਮਨ ਨੂੰ ਇਹ ਸਮਝ ਆਈ॥ ਰਹਾਉ॥

ਗਉੜੀ ਕਬੀਰ ਜੀ

ਜਿਹ ਕੁਲਿ ਪੂਤ ਨਾ ਗਿਆਨ ਬੀਚਾਰੀ॥ ਬਿਧਵਾ ਕਸ ਨ ਭਈ ਮਹਤਾਰੀ॥੧॥
ਜਿਹ ਨਰ ਰਾਮ ਭਗਤਿ ਨਹਿ ਸਾਧੀ॥ ਜਨਮਤ ਕਸ ਨ ਮੁਓ ਅਪਰਾਧੀ॥੧॥ ਰਹਾਉ॥
ਮੁਚੁ ਮੁਚੁ ਗਰਭ ਗਏ ਕੀਨ ਬਚਿਆ॥ ਬਡਭੁਜ ਰੂਪ ਜੀਵੇ ਜਗਿ ਮਝਿਆ॥੨11
ਕਹੁ ਕਬੀਰ ਜੈਸੇ ਸੁੰਦਰ ਸਰੂਪ॥ ਨਾਮ ਬਿਨਾ ਜੈਸੇ ਕੁਬਜ ਕਰੂਪ॥੩॥25॥

ਅਰਥ : ਜਿਸ ਕੁਲ ਵਿਚ ਗਿਆਨ ਦੇ ਵਿਚਾਰ ਵਾਲਾ (ਭਾਵ ਨਾਮ ਅਭਿਆਸੀ) ਪੁੱਤਰ ਨਹੀਂ ਹੋਇਆ, ਉਸ ਦੀ ਮਾਂ ਵਿਧਵਾ ਕਿਉਂ ਨ ਹੋ ਗਈ॥੧॥ ਜਿਸ ਮਨੁੱਖ ਨੇ ਰਾਮ ਦੀ ਭਗਤੀ ਨਹੀਂ ਕੀਤੀ, ਉਹ ਅਪਰਾਧੀ ਜੰਮਦਿਆਂ ਹੀ ਕਿਉਂ ਨਾ ਮਰ ਗਿਆ ਰਹਾਉ॥੧॥ ਕਈ ਗਰਭ ਡਿੱਗ ਪਏ। ਪਰ ਇਹ ਭਗਤੀਹੀਣਾ ਮਨੁੱਖ ਕਿਉਂ ਬਚ ਗਿਆ॥ ਅਜਿਹਾ ਮਨੁੱਖ ਮਾਨੋ ਜਗ ਵਿਚ ਗੰਦਗੀ ਖਾਣ ਵਾਲੇ ਸੂਰ ਦੀ ਨਿਆਈ ਜੀਉ ਰਹਿਆ ਹੈ॥੨॥ ਕਬੀਰ ਜੀ ਕਹਿੰਦੇ ਹਨ ਕਿ ਸਰੀਰ ਕਰਕੇ ਸੁੰਦਰ ਲਗਣ ਵਾਲਾ ਮਨੁੱਖ ਨਾਮ ਤੋਂ ਬਿਨਾ ਕੁੱਬਾ ਤੇ ਕਰੂਪ ਹੀ ਹੈ॥੩॥

ਇਕ ਪ੍ਰਚਲਤ ਦੋਹਿਰਾ

(ਕਈ ਇਸ ਨੂੰ ਸੁਆਮੀ ਤੁਲਸੀ ਦਾਸ ਦਾ ਦੱਸਦੇ ਹਨ)

ਜਨਨੀ ਜਨੇ ਤਉ ਭਗਤ ਜਨ ਕੈ ਦਾਤਾ ਕੈ ਸੂਰ॥
ਨਹੀਂ ਤਾਂ ਜਨਨੀ ਬਾਂਝ ਰਹੈ, ਕਾਹਿ ਗਵਾਵੈਂ ਨੂਰ॥

ਪੰਚ ਤੰਤ੍ਰ ਦਾ ਇਕ ਬਚਨ

(ਸੰਸਕ੍ਰਿਤ ਸਲੋਕ ਦਾ ਪੰਜਾਬੀ ਰੂਪ)

ਤਿੰਨ ਪੁਤ ਮਾਨੁਖ ਦੇ ਇਕ ਅਣਜੰਮਿਆ ਜਾਣ॥
ਦੂਜਾ ਪੈਦਾ ਹੋ ਮਰੈ ਤੀਜਾ ਮੂੜ੍ਹ ਪਛਾਣ॥

ਅਣਜੰਮੇ ਤੇ ਮੋਏ ਦਾ ਦੁਖ ਹੋਵੇ ਇਕ ਵਾਰ।।
ਮੂਰਖ ਦਾ ਤਾਂ ਹਰ ਘੜੀ ਰਹਿੰਦਾ ਦਿਲ ਨੂੰ ਸਾੜ।।
ਸੂਰਬੀਰ, ਦਾਨੀ, ਗੁਣੀ ਜੇਕਰ ਜਣਨਾ ਹੋਇ।।
ਨਾਰੀ ਜੰਮੇ ਨਹੀਂ ਤਾਂ ਸੰਢ ਚੰਗੇਰੇ ਸੋਇ।।

ਅਰਥ : ਜੇ ਭਗਤ, ਸੂਰਮੇ ਅਤੇ ਦਾਨੀ ਵਾਲੇ ਵਿਸ਼ੇਸ਼ ਗੁਣ ਕਿਸੇ ਮਨੁੱਖ ਵਿਚ ਨਹੀਂ ਹਨ ਤਾਂ ਬਾਂਝ (ਸੰਢ) ਜਾਂ ਵਿਧਵਾ (ਰੰਡੀ) ਸ਼ਬਦ ਇਕ ਪ੍ਰਕਾਰ ਉਸ ਦੀ ਮਾਂ ਲਈ ਨਿਰਾਦਰੀ ਦਾ ਸੂਚਕ ਹੈ। ਇਹਨਾਂ ਗੁਣੋ ਤੋਂ ਸੱਖਣੇ ਦੀ ਮਾਂ ਨੂੰ ਗਾਲ੍ਹ ਹੈ।

<u>ਗਰਭ ਠਹਿਰਨ ਦੇ ਸਮੇਂ, ਗਰਭ ਸਮੇਂ ਦੇ ਦਰਮਿਆਨ ਅਤੇ ਜਨਮ ਤੋਂ ਬਾਅਦ ਬੱਚੇ ਤੇ ਪੈਂਦੇ ਪ੍ਰਭਾਵ:</u>

1. ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਸਮੇਂ ਮਾਲਵੇ ਵਿਚ ਸਿੱਧੂ ਗੋਤ ਵਿਚ ਜੈਦ ਪਰਾਣਾ ਨਾਮ ਦਾ ਵਿਅਕਤੀ ਪਾਡੂ ਪੁੱਤਰ ਅਰਜਨ, ਭੀਮ ਵਾਂਗੂੰ ਇਕ ਬਹੁਤ ਬਲੀ ਜੋਧਾ ਹੋਇਆ ਹੈ। ਉਸ ਬਾਰੇ ਗਿਆਨੀ ਗਿਆਨ ਸਿੰਘ ਜੀ ਤਵਾਰੀਖ ਗੁਰੂ ਖਾਲਸਾ ਭਾਗ ਪਹਿਲਾਂ (ਭਾਸ਼ਾ ਵਿਭਾਗ, ਪੰਜਾਬ) ਦੇ ਪੰਨਾ 526 ਤੇ ਫੁਟ ਨੋਟ ਵਿਚ ਏਦਾਂ ਲਿਖਦੇ ਹਨ:- "ਜੈਦ ਵਿਚ ਐਡੀ ਵੱਡੀ ਤਾਕਤ ਹੋਣ ਦਾ ਕਾਰਨ ਐਉ ਸੁਣਿਆ ਹੈ ਕਿ ਉਸ ਦੀ ਮਾਂ 25 ਬਰਸਾਂ ਦੀ ਮੁਕਲਾਵੇ ਆਈ। ਬਾਵ ਵੀ ਜਵਾਨ ਸੀ, ਦਿਨ ਉਹਨਾਂ ਦੇ ਇਕੱਠੇ ਹੋਣ ਪਹਿਲੇ ਹੀ ਦਿਨ ਦਾ ਸੀ, ਗਰਭ ਰਹਿ ਗਿਆ। ਦਿਨ ਚੜ੍ਹੇ ਉਹ ਉੱਠੀ ਤਾਂ ਸਾਹਮਣੇ ਸੂਰਜ ਦੇ, ਅਤੇ ਜਲ ਕਿਨਾਰੇ ਸ਼ੇਰ ਦੇ ਦਰਸ਼ਨ ਹੋਏ। ਉਹਨਾਂ ਦਾ ਤੇਜ, ਬਲ, ਬੀਰ ਜੈਦ ਵਿਚ ਆਉਣੇ ਕਰ ਇਹੋ ਅਜਿਹਾ ਬਲੀ ਹੋਇਆ। ਅਨੇਕ ਜੰਗ ਜਿੱਤੇ। ਕਿਤੋਂ ਨਾ ਹਾਰਿਆ। ਦੋ ਵਾਰੀ ਸ਼ਾਹੀ ਫੌਜ ਨੂੰ ਵੀ ਏਸ ਨੇ ਹਾਰ ਦਿੱਤੀ। ਆਪਣੀਆਂ ਭੁਜਾ ਦੇ ਜ਼ੋਰ ਪ੍ਰਤਾਪ ਨਾਲ ਸਾਰੇ ਦੇਸ ਵਿਚ ਉੱਘਾ ਤੇ ਚੁਰਾਸੀ ਪਿਡਾਂ ਦਾ ਮਾਲਗੁਜਾਰ ਸਰਦਾਰ ਬਣ ਗਿਆ। ਉਸ ਦੀ ਉਲਾਦ ਹੁਣ ਭੇਖੜੀ ਪਿੰਡ ਹੈ।
2. ਮੈਂ ਪੰਜਵੀਂ ਜਾਂ ਛੇਵੀਂ ਜਮਾਤ ਵਿਚ ਪੜ੍ਹਦਾ ਹੋਵਾਂਗਾ। 1949 ਜਾਂ 50 ਦੀ ਗੱਲ ਹੈ। ਸਾਡੇ ਅਧਿਆਪਕ ਨੇ ਦੱਸਿਆ ਕਿ ਇੰਗਲੈਂਡ ਵਿਚ ਇਕ ਅੰਗਰੇਜ਼ ਦੰਪਤੀ ਦੇ ਘਰ ਨੀਗਰੋ ਵਰਗੇ ਕਾਲੇ ਬੱਚੇ ਨੇ ਜਨਮ ਲਿਆ। ਪਤੀ, ਪਤਨੀ ਦੀ ਵਫਾਦਾਰੀ ਤੇ ਸ਼ੱਕ ਕਰਨ ਲੱਗਾ। ਪ੍ਰੰਤੂ ਪੜਤਾਲ ਕਰਨ ਤੋਂ ਬਾਦ ਪਤਾ ਲੱਗਾ ਕਿ ਗਰਭ ਦੇ ਸਮੇਂ ਜਿਸ ਕਮਰੇ ਵਿਚ ਪਤਨੀ ਰਹਿੰਦੀ ਸੀ, ਉਸ ਕਮਰੇ ਦੀ ਇਕ ਦੀਵਾਰ ਤੇ ਇਕ ਨੀਗਰੋ ਦੀ ਫੋਟੋ ਟੰਗੀ ਹੋਈ ਸੀ, ਗਰਭ ਅਵਸਥਾ ਦੇ ਸਮੇਂ ਅਕਸਰ ਉਸ ਫੋਟੋ ਨੂੰ ਵੇਖਦੀ ਰਹਿੰਦੀ ਸੀ, ਜਿਸ ਦਾ ਅਸਰ ਗਰਭ ਵਿਚਲੇ ਬੱਚੇ ਤੇ ਪਿਆ।
3. ਪ੍ਰਹਿਲਾਦ ਰਾਖਸ਼ਸ਼ ਦਾ ਪੁੱਤਰ ਸੀ। ਜਿਸ ਵੇਲੇ ਹਰਨਾਖਸ਼ ਤਪ ਕਰਨ ਗਿਆ, ਇਸ ਦੀ ਪਤਨੀ ਨੂੰ ਗਰਭ ਠਹਿਰਆ ਹੋਇਆ ਸੀ ਅਤੇ ਇਹ ਇਕ ਰਿਸ਼ੀ ਦੇ ਆਸ਼ਰਮ ਵਿਚ ਰਹੀ ਸੀ। ਰਿਸ਼ੀਆਂ ਮੁਨੀਆਂ ਦੀ ਸੰਗਤ ਦਾ ਪ੍ਰਭਾਵ ਗਰਭ ਵਿਚਲੇ ਬੱਚੇ ਤੇ ਪਿਆ ਅਤੇ ਜਨਮ ਤੋਂ ਬਾਅਦ ਪ੍ਰਹਿਲਾਦ ਭਗਤ ਹੋਇਆ। ਭਾਈ ਗੁਰਦਾਸ ਜੀ ਦਾ ਕਥਨ, "ਘਰਿ ਹਰਣਾਖਸ਼ ਦੈਂਤ ਦੇ ਕਲਰ ਕਵਲੁ ਭਗਤ ਪ੍ਰਹਿਲਾਦ।" ਹਰਣਾਖਸ਼ ਦੈਂਤ ਦੇ ਘਰ ਪ੍ਰਹਿਲਾਦ ਭਗਤ ਦਾ ਜਨਮ ਮਾਨੋ ਕਲਰ ਮਾਰੀ ਜ਼ਮੀਨ ਵਿਚ ਕੰਵਲ ਫੁੱਲ ਪੈਦਾ ਹੋ ਗਿਆ।
4. ਮਹਾਭਾਰਤ ਦੀ ਕਥਾ ਹੈ ਕਿ ਅਰਜੁਨ ਦੇ ਪੁੱਤਰ ਅਭਮਨੀਉ ਕੇ ਚਕ੍ਰਵਿਊ ਨੂੰ ਤੋੜਨ ਦੀ ਜੁਗਤ ਮਾਂ ਦੇ ਗਰਭ ਵਿਚ ਹੀ ਸਿੱਖ ਲਈ ਸੀ। ਕਥਾ ਏਦਾਂ ਹੈ ਕਿ ਅਰਜਨ ਆਪਣੀ ਪਤਨੀ ਸੁਭੱਦ੍ਰਾ ਨੂੰ ਇਕ ਵਾਰ ਚਕ੍ਰਵਿਊ ਨੂੰ ਤੋੜਕੇ ਅੰਦਰ ਵੜਨ ਅਤੇ ਬਾਹਰ ਨਿਕਲਣ ਦੀ ਜੁਗਤ ਦਸ ਰਿਹਾ ਸੀ। ਅਭਮਨੀਉ ਆਪਣੀ ਮਾਂ ਦੇ ਗਰਭ ਵਿਚ ਇਸ ਵਾਰਤਾ ਨੂੰ ਸੁਣ ਰਿਹਾ ਸੀ। ਚਕ੍ਰਵਿਊਹ ਵਿਚ ਵੜਨ ਦਾ ਹਾਲ ਸੁਣਦੀ ਸੁਣਦੀ ਸੁਭੱਦਰਾ ਸੌਂ ਗਈ ਅਤੇ ਇਸ ਤਰ੍ਹਾਂ ਚਕ੍ਰਵਿਊ ਵਿਚੋਂ ਬਾਹਰ ਨਿਕਲਣ ਦਾ ਢੰਗ ਨੀਂਦ ਆ ਜਾਣ ਕਾਰਨ ਸੁਣ ਨ ਸਕੀ। ਇਸ ਤਰ੍ਹਾਂ ਅਭਿਮਨੀਊ ਉਸ ਚੱਕਰ ਤੋਂ ਬਾਹਰ ਨਿਕਲਣ ਦੀ ਜੁਗਤ ਨ ਸਿੱਖ ਸਕਿਆ। ਬਾਅਦ ਵਿਚ ਮਹਾਭਾਰਤ ਦੇ ਜੁਧ ਵਿਚ ਗੁਰੂ ਦ੍ਰੋਣਾਚਾਰਯ ਦੇ ਵਿਉਂਤੇ ਚਕ੍ਰਵਿਊ ਨੂੰ ਅਭਮਨੀਊ ਤੋੜਕੇ ਅੰਦਰ ਵੜਨ ਵਿਚ ਸਫਲ ਤਾਂ ਹੋ ਗਿਆ ਪ੍ਰੰਤੂ ਬਾਹਰ ਨਿਕਲਣ ਦੀ ਜੁਗਤ ਨ ਜਾਨਣ ਕਰਕੇ ਯੁਧ ਵਿਚ ਮਾਰਿਆ ਗਿਆ। ਗਰਭ ਵਿਚ ਅਭਮਨੀਊ ਦੇ ਸਿੱਖਣ ਨੂੰ ਅੱਜ ਦੇ ਕਈ ਮਨੋਵਿਗਿਆਨੀ ਵੀ ਠੀਕ ਮੰਨਦੇ ਹਨ।
5. ਅਖੰਡ ਕੀਰਤਨੀਏ ਜੱਥੇ ਦੇ ਦੋ ਸਿੰਘ ਭਾਈ ਹਰਨਾਮ ਸਿੰਘ ਕੋਮਲ ਅਤੇ ਭਾਈ ਸੂਰਤ ਸਿੰਘ ਜੀ (ਪੂਰਨ ਜੀ) ਸਕੇ ਭਰਾ ਸਨ। ਭਾਈ ਹਰਨਾਮ ਸਿੰਘ ਕੋਮਲ 6 ਮਾਰਚ 1986 ਨੂੰ ਅਤੇ ਭਾਈ ਸੂਰਤ ਸਿੰਘ (ਪੂਰਨ ਜੀ) 21 ਦਸੰਬਰ 2008 ਨੂੰ

ਚੜ੍ਹਾਈ ਕਰ ਗਏ। ਇਹ ਦੋਵੇਂ ਬੜੀ ਚੜ੍ਹਦੀ ਕਲਾ ਵਾਲੇ ਸਨ। ਖਾਸ ਤੌਰ ਤੇ ਭਾਈ ਸਾਹਿਬ ਸੂਰਤ ਸਿੰਘ (ਪੂਰਨ ਜੀ) ਤਾਂ ਜੱਥੇ ਵਿਚ ਬਹੁਤ ਉੱਚੀ ਆਤਮਕ ਅਵਸਥਾ ਦੇ ਮਾਲਕ ਕਰਕੇ ਜਾਣੇ ਜਾਂਦੇ ਸਨ। ਇਹਨਾਂ ਦੇ ਮਾਤਾ ਜੀ ਬਹੁਤ ਸ਼ੁਭ ਗੁਣਾ ਵਾਲੇ ਸਨ। ਮਾਤਾ ਜੀ ਰੋਜ਼ਾਨਾ ਆਪਣੇ ਪਤੀ ਜੀ ਲਈ ਅਤੇ ਕਿਸੇ ਆਏ ਗਏ ਸਾਧ ਸੰਤ ਲਈ ਆਪਣੀ ਹੱਥੀਂ ਆਟਾ ਚੱਕੀ ਤੇ ਪੀਸ ਕੇ ਪਰਸ਼ਾਦਾ ਤਿਆਰ ਕਰਦੇ ਸਨ। ਇਸ ਤਰ੍ਹਾਂ ਸੁਖਮਨੀ ਸਾਹਿਬ ਇਕ ਪਾਠ ਚੱਕੀ ਪੀਂਹਦਿਆਂ ਅਤੇ ਇਕ ਪਾਠ ਚਾਟੀ ਰਿੜਕਦਿਆਂ ਕਰਦੇ ਸਨ। ਜਦੋਂ ਕਿਸੇ ਬੱਚੇ ਨੇ ਮਾਤਾ ਦੇ ਗਰਭ ਵਿਚ ਪਰਵੇਸ਼ ਕਰਨਾ ਤਾਂ ਨੌਂ ਮਹੀਨਾ ਰੋਜ਼ 25 ਪਾਠ ਜਪਜੀ ਸਾਹਿਬ ਦੇ ਕਰਦੇ ਸਨ। ਇਸ ਤਰ੍ਹਾਂ ਉਠਦੇ ਬੈਠਦੇ ਬਾਣੀ ਦਾ ਪਾਠ ਕਰਦੇ ਰਹਿੰਦੇ। ਇਸ ਤਰ੍ਹਾਂ ਇਹਨਾਂ ਦੇ ਉੱਤਮ ਅਤੇ ਗੁਰਮਤੀ ਜੀਵਨ ਦਾ ਡੂੰਘਾ ਪ੍ਰਭਾਵ ਇਹਨਾਂ ਦੇ ਬੱਚਿਆਂ ਤੇ ਪਿਆ। (ਵੇਖੋ ਮਾਸਕ ਪੱਤਰ "ਸੂਰਾ" ਅੰਕ ਜਨਵਰੀ 1987, ਪੰਨਾ 33, ਸਿਰਲੇਖ ਭਾਈ ਸਾਹਿਬ ਹਰਨਾਮ ਸਿੰਘ ਜੀ ਕੋਮਲ)

6. ਹੋਮੀ ਭਾਭਾ ਭਾਰਤ ਦੇ ਉੱਘੇ ਵਿਗਿਆਨੀ ਹੋਏ ਹਨ। ਜਿਹਨਾਂ ਦੇ ਨਾਮ ਤੇ ਮੁੰਬਈ ਵਿਚ 'ਭਾਭਾ ਐਟੋਮਿਕ ਰਿਸਰਚ ਸੈਂਟਰ' (B.A.R.C.) ਕਾਇਮ ਹੈ। ਜਿੱਥੇ ਇਹ ਉੱਘੇ ਵਿਗਿਆਨੀ ਸਨ, ਉਥੇ ਇਹ ਸੰਗੀਤਕਾਰ ਵੀ ਸਨ। ਸੰਗੀਤਕਾਰ ਹੋਣ ਦਾ ਕਾਰਨ ਇਹਨਾਂ ਦੇ ਘਰ ਕਲਾਸੀਕਲ ਸੰਗੀਤ ਦੇ ਰੀਕਾਰਡਾਂ ਦਾ ਹੋਣਾ ਸੀ। ਜਦੋਂ ਉਹ ਬਹੁਤ ਛੋਟੇ ਸਨ ਤਾਂ ਕਲਾਸੀਕਲ ਸੰਗੀਤ ਦੇ ਰੀਕਾਰਡ ਘਰ ਵਿਚ ਵਜਦੇ ਰਹਿੰਦੇ ਸਨ। ਜਿਹਨਾਂ ਦਾ ਪ੍ਰਭਾਵ ਇਹਨਾਂ ਤੇ ਪਿਆ।
7. ਭਾਰਤ ਦੇ ਉੱਘੇ ਤਬਲਾਵਾਦਕ ਜ਼ਾਕਿਰ ਹੁਸੈਨ ਨੇ ਇਕ ਵਾਰ ਇਕ ਭੇਂਟ ਵਾਰਤਾ (ਇੰਟਰਵਿਊ) ਵਿਚ ਦੱਸਿਆ ਕਿ ਇਹਨਾਂ ਦੇ ਪਿਤਾ ਅੱਲਾਰੱਖਾ (ਜੋ ਖੁਦ ਉੱਘੇ ਤਬਲਾਵਾਦਕ ਸਨ) ਨੇ ਮੇਰੇ ਜਨਮ ਤੋਂ ਬਾਅਦ ਮੇਰੇ ਕੰਨਾਂ ਵਿਚ ਸਭ ਤੋਂ ਪਹਿਲੇ ਤਬਲੇ ਦੇ ਬੋਲ ਪਾਏ ਸਨ। ਅੱਜ ਉਹ ਸੰਸਾਰ ਪ੍ਰਸਿੱਧ ਤਬਲਾਵਾਦਕ ਹੈ।
8. ਫਰੀਦ ਭਗਤ ਜੀ ਦੀ ਮਾਤਾ ਨੇ ਫਰੀਦ ਜੀ ਨੂੰ ਬਹੁਤ ਛੋਟੀ ਉਮਰ ਵਿਚ ਨਿਮਾਜ ਪੜ੍ਹਨ ਲਈ ਪਰੇਰਿਆ ਕਿ ਨਿਮਾਜ਼ ਪੜਨ ਤੋਂ ਬਾਅਦ ਖੁਦਾ ਵੱਲੋਂ ਗੁੜ ਮਿਲਦਾ ਹੈ। ਇਸ ਤਰ੍ਹਾਂ ਜਦ ਫਰੀਦ ਜੀ ਅੱਖਾਂ ਮੀਟ ਕੇ ਨਿਮਾਜ਼ ਪੜ੍ਹਦੇ ਤਾਂ ਉਹਨਾਂ ਦੀ ਮਾਤਾ ਸਫ ਹੇਠਾਂ ਗੁੜ ਛੁਪਾ ਕੇ ਰੱਖ ਦਿੰਦੀ। ਇਸ ਤਰ੍ਹਾਂ ਫਰੀਦ ਜੀ ਨੂੰ ਨਿਮਾਜ ਪੜ੍ਹਨ ਤੋਂ ਬਾਅਦ ਰੋਜ਼ ਗੁੜ ਖਾਣ ਨੂੰ ਮਿਲਦਾ। ਇਸ ਤਰ੍ਹਾਂ ਗੁੜ ਦੇ ਲਾਲਚ ਵਿਚ ਨਿਮਾਜ਼ ਪੜ੍ਹਦਿਆਂ ਆਪਣੇ ਸਮੇਂ ਦੇ ਉੱਤੇ ਭਗਤ ਹੋਇ। ਗੁਰੂ ਅਰਜਨ ਦੇਵ ਜੀ ਨੇ ਉਹਨਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਦਿੱਤੀ।
9. ਧਰੂਅ ਨੂੰ ਜਦ ਉਸ ਦੀ ਮਤਰੇਈ ਮਾਂ ਨੇ ਪਿਤਾ ਦੀ ਗੋਦ 'ਚੋਂ ਉਠਾ ਦਿੱਤਾ ਤਾਂ ਆਪਣੀ ਮਾਂ ਨੂੰ ਪੁੱਛਿਆ ਕਿ ਦਸ ਤੂੰ ਰਾਣੀ ਹੈ ਕਿ ਗੋਲੀ। ਮਾਂ ਨੇ ਕਿਹਾ ਕਿ ਇਕ ਰਾਜੇ ਦੀ ਬੇਟੀ ਹੋਣ ਕਰਕੇ ਰਾਜਕੁਮਾਰੀ ਅਤੇ ਇਕ ਰਾਜੇ ਨਾਲ ਵਿਆਹੀ ਜਾਣ ਕਰਕੇ ਰਾਣੀ ਹਾਂ। ਪਰ ਕਿਉਂਕਿ ਪਿਛਲੇ ਜਨਮ ਭਗਤੀ ਨਹੀਂ ਕੀਤੀ ਇਸ ਕਰਕੇ ਮੇਰੀ ਹਾਲਤ ਗੋਲੀਆਂ ਵਰਗੀ ਹੋ ਗਈ ਹੈ। ਜਦ ਧਰੂਅ ਨੇ ਪੁੱਛਿਆ ਕਿ "ਕਿਸ ਉਦਮ ਤੇ ਰਾਜੁ ਮਿਲਿ ਸਤ੍ਰੂ ਤੇ ਸਭਿ ਹੋਵਨਿ ਮੀਤਾ॥" ਮਾਂ ਨੇ ਇਹ ਨਹੀਂ ਆਖਿਆ ਕਿ ਘਬਰਾ ਨਾ, ਮੇਰਾ ਪਿਛਾ ਵੀ ਰਾਜ ਘਰਾਣੇ ਦਾ ਹੈ, ਤੂੰ ਵੱਡਾ ਹੋ ਫੌਜ ਇਕੱਠੀ ਕਰਾਂਗੇ ਅਤੇ ਰਾਜ ਖੋਹ ਲਵਾਂਗੇ। ਮਾਂ ਦਾ ਉੱਤਰ ਸੀ, "ਪਰਮੇਸਰ ਅਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।" ਇਸ ਦਾ ਅਸਰ ਇਹ ਹੋਇਆ, "ਬਾਹਰਿ ਚਲਿਆ ਕਰਨਿ ਤਪੁ ਮਨ ਬੈਰਾਗੀ ਹੋਇ ਅਤੀਤਾ।" ਮਾਂ ਨੇ ਰੋਕਿਆ ਨਹੀਂ। ਅੱਜ ਸਾਡੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੇ ਸਿੱਖਾਂ ਨੂੰ ਉਪਦੇਸ਼ ਕਰਦੇ ਹਨ "ਰਾਮ ਜਪਉ ਜੀਅ ਐਸੇ ਐਸੇ॥ ਧ੍ਰੂਅ ਪ੍ਰਹਿਲਾਦ ਜਪਿਓ ਹਰਿ ਜੈਸੇ।" ਗਉੜੀ ਕਬੀਰ ਜੀ ਅੰਕ 337॥

ਇਕ ਵਾਰ ਇਕ ਲੜਕੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਕੋਲ ਆਈ ਅਤੇ ਕਿਹਾ, "ਪਿਤਾ ਜੀ, ਮੇਰੇ ਘਰ ਬੱਚਾ ਹੋਇਆ ਹੈ। ਮੈਂ ਇਹਨੂੰ ਕਿੱਦਾ ਸਿੱਖਿਆ ਦੇਵਾਂ?" ਭਾਈ ਸਾਹਿਬ ਜੀ ਦਾ ਉੱਤਰ ਸੀ, "ਬੇਟਾ ਤੂੰ ਬਹੁਤ ਦੇਰ ਨਾਲ ਆਈ ਹੈਂ, ਤੈਨੂੰ ਅੱਜ ਤੋਂ 20 ਸਾਲ ਪਹਿਲੇ ਆਉਣਾ ਚਾਹੀਦਾ ਸੀ।"

ਭਾਈ ਸਾਹਿਬ ਜੀ ਦਾ ਮਤਲਬ ਸੀ ਕਿ ਬੇਟੀ ਨੂੰ ਜਿਸ ਨੇ ਬਾਦ ਵਿਚ ਮਾਂ ਬਣਨਾ ਹੈ, ਗੁਰਮਤੀ ਰੰਗ ਵਿਚ ਏਨਾ ਰੰਗ ਦੇਣਾ ਚਾਹੀਦਾ ਹੈ ਕਿ ਬਾਅਦ ਵਿਚ ਉਸ ਦੇ ਘਰ ਹੋਣ ਵਾਲੇ ਬੱਚੇ ਨੂੰ ਉਸੇ ਤਰ੍ਹਾਂ ਹੀ ਉਹ ਆਤਮ ਰੰਗ ਵਿਚ ਰੰਗ ਸਕੇ।

ਹੁਣ ਸੁਆਲ ਇਹ ਉੱਠਦਾ ਹੈ ਕਿ ਬੱਚੇ ਨੂੰ ਕਿਵੇਂ ਗੁਰਮਤੀ ਰੰਗ ਚਾੜ੍ਹਿਆ ਜਾਵੇ:

ਉੱਪਰ ਦਿੱਤੀਆਂ ਉਦਾਹਰਣਾ ਤੋਂ ਸਾਨੂੰ ਕੁਛ ਏਦਾਂ ਦੀ ਸੇਧ ਮਿਲਦੀ ਹੈ ਕਿ ਜਦੋਂ ਮਾਤਾ ਦੇ ਗਰਭ ਵਿਚ ਪ੍ਰਵੇਸ਼ ਕਰੇ ਤਾਂ

ਮਾਤਾ ਨੂੰ ਵੱਧ ਤੋਂ ਵੱਧ ਧਾਰਮਿਕ ਮਾਹੌਲ ਵਿਚ ਰੱਖਿਆ ਜਾਵੇ ਜਿਵੇਂ:

1. ਗਰਭਵਤੀ ਮਾਤਾ ਦੇ ਕਮਰੇ ਵਿਚ ਸੰਤਾਂ, ਮਹਾਂਪੁਰਸ਼ਾ ਅਤੇ ਸੂਰਬੀਰਾਂ ਦੀਆਂ ਫੋਟੋਆਂ ਹੋਣੀਆਂ ਚਾਹੀਦੀਆਂ ਹਨ, ਜਿਹਨਾਂ ਨੂੰ ਵੇਖਦਿਆਂ ਅਤੇ ਚਿੰਤਨ ਕਰਦਿਆਂ ਬੱਚੇ ਵਿਚ ਉਸੇ ਤਰ੍ਹਾਂ ਦੇ ਗੁਣ ਪ੍ਰਵੇਸ਼ ਕਰਨ।
2. ਮਾਤਾ ਨੂੰ ਧਾਰਮਿਕ ਪੁਸਤਕਾਂ ਅਤੇ ਵੱਧ ਤੋਂ ਵੱਧ ਗੁਰਬਾਣੀ ਦਾ ਪਾਠ ਕਰਦੇ ਰਹਿਣਾ ਜਾਂ ਸੁਣਨਾ ਚਾਹੀਦਾ ਹੈ।
3. ਕੀਰਤਨ ਦੀਆਂ ਕੈਸਟਾਂ ਜਾਂ ਸੀਡੀਜ਼ ਨਿਮੀ ਨਿਮੀ ਆਵਾਜ਼ ਵਿਚ ਵਜਦੀਆਂ ਰਹਿਣੀਆਂ ਚਾਹੀਦੀਆਂ ਹਨ।
4. ਬੱਚੇ ਦੇ ਜਨਮ ਤੋਂ ਹੀ ਬੱਚੇ ਨੂੰ ਗੋਦ ਵਿਚ ਸੁਖਮਨੀ ਸਾਹਿਬ ਦਾ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ ਚਾਹੀਦਾ ਹੈ।ਸੰਤ ਬਾਬਾ ਨੰਦ ਸਿੰਘ ਜੀ ਕਿਹਾ ਕਰਦੇ ਸਨ ਕਿ ਜਿਹੜੀ ਮਾਤਾ ਆਪਣੇ ਬੱਚੇ ਨੂੰ ਜਨਮ ਵਾਲੇ ਦਿਨ ਤੋਂ ਲੈ ਕੇ ਘਟ ਤੋਂ ਘਟ ਇਕ ਸਾਲ ਤਕ ਸੁਖਮਨੀ ਸਾਹਿਬ ਦਾ ਪਠਾ ਰੋਜ਼ ਸੁਣਾਏਗੀ ਉਹ ਕਦੇ ਆਪਣੀ ਉਮਰ ਵਿਚ ਬੇਮੁਖ ਨਹੀਂ ਹੋਵੇਗਾ।
5. ਜੇ ਬੱਚੇ ਦੇ ਕੰਨਾਂ ਵਿਚ ਮੱਧਮ ਮੱਧਮ ਕੀਰਤਨ ਦੀ ਧੁਨੀ ਪੈਂਦੀ ਰਹੇਗੀ ਤਾਂ ਉਹ ਬੱਚਾ ਵੱਡਾ ਹੋ ਕੇ ਗੁਰੂ ਦਾ ਕੀਰਤਨੀਆ ਹੋਵੇਗਾ।ਕਈ ਐਸੀਆਂ ਉਦਾਹਰਨਾਂ ਮਿਲਦੀਆਂ ਹਨ ਕਿ ਕਈ ਗੁਰਸਿੱਖ ਆਪਣੀ ਕਿਰਤ ਕਰਦਿਆਂ ਨਿੱਜੀ ਤੌਰ ਤੇ ਕੀਰਤਨ ਦਾ ਆਨੰਦ ਵੀ ਮਾਣਦੇ ਹਨ।ਅਭਮਨੀਉ ਵਾਲੀ ਵਾਰਤਾ ਦਸਦੀ ਹੈ ਜੋ ਚੀਜ਼ ਮਾਂ ਧਿਆਨ ਨਾਲ ਸੁਣੇਗੀ ਉਹੋ ਬੱਚੇ ਦੇ ਜੀਵਨ ਦਾ ਅੰਗ ਬਣੇਗੀ।ਗੋਦ ਵਾਲੇ ਬੱਚੇ ਨੂੰ ਗੋਦ 'ਚ ਲੈ ਕੇ ਕਦੇ ਟੀ ਵੀ ਚੈਨਲ ਨਹੀਂ ਵੇਖਣੇ ਚਾਹੀਦੇ।ਟੀ ਵੀ ਤੋਂ ਬੱਚੇ ਨੂੰ ਜਿੰਨਾ ਦੂਰ ਰੱਖਿਆ ਜਾਵੇ, ਓਨਾ ਹੀ ਚੰਗਾ ਹੈ।

ਸੰਤ ਗੁਰਮੁੱਖ ਸਿੰਘ ਜੀ ਪਟਿਆਲੇ ਵਾਲੇ ਜੋ ਜ਼ਿਆਦਾ ਤਰ ਮੁੰਬਈ, ਖਾਰ ਵਿਖੇ ਰਿਹਾ ਕਰਦੇ ਸਨ। ਖਾਰ ਦੇ ਗੁਰਦੁਆਰਾ ਸਾਹਿਬ ਵਿਚ ਕਥਾ ਕਰਦਿਆਂ ਮੈਂ ਕਈ ਵਾਰ ਉਹਨਾਂ ਦੇ ਮੂੰਹੋਂ ਸੁਣਿਆ ਕਿ ਮੇਰੀ ਇੱਛਾ ਹੈ ਕਿ ਮੇਰਾ ਫਿਰ ਇਕ ਜਨਮ ਹੋਵੇ ਅਤੇ ਐਸੀ ਮਾਂ ਦੀ ਕੁੱਖੋ ਹੋਵੇ ਜੋ ਸੁਖਮਨੀ ਸਾਹਿਬ ਦੀ ਨਿਤਨੇਮਣ ਹੋਵੇ।ਉਹ ਕਿਹਾ ਕਰਦੇ ਸਨ ਕਿ ਮੇਰੇ ਸਰੀਰ ਤਿਆਗਣ ਤੋਂ ਬਾਅਦ ਮੇਰੇ ਲਈ ਇਹੀ ਅਰਦਾਸ ਕਰਿਉ ਕਿ ਮੇਰਾ ਜਨਮ ਸੁਖਮਨੀ ਸਾਹਿਬ ਦੀ ਨਿਤਨੇਮਣ ਮਾਂ ਦੀ ਕੁੱਖੋਂ ਹੋਵੇ।

ਹਰ ਮਾਤਾ ਨੂੰ ਬੱਚੇ ਦੀ ਪਾਲਣਾ ਕਰਦਿਆਂ ਪਿੱਛੇ ਦਿੱਤੇ ਗੁਰੂ ਰਾਮ ਦਾਸ ਜੀ ਅਤੇ ਭਗਤ ਕਬੀਰ ਜੀ ਦੇ ਸ਼ਬਦਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਜਿਸ ਵਿਚ ਨਾਮ ਨਾ ਜਪਣ ਵਾਲੇ ਦੀ ਮਾਂ ਵਾਸਤੇ ਬਾਂਝ (ਸੰਢ) ਜਾਂ ਵਿਧਵਾ (ਰੰਡੀ) ਹੋ ਜਾਣ ਵਾਲੇ ਸਖਤ ਅਤੇ ਕੌੜੇ ਸ਼ਬਦ ਵਰਤੇ ਹਨ।ਗੁਰੂ ਦੀ ਖੁਸ਼ੀ ਲੈਣ ਲਈ ਬੱਚੇ ਦੀ ਪਾਲਣਾ ਲਈ ਘਾਲ ਤਾਂ ਘਾਲਣੀ ਹੀ ਪਵੇਗੀ।ਇਸ ਤਰ੍ਹਾਂ ਮਾਤਾ ਅਤੇ ਬੇਟੇ ਦੇ ਲੋਕ ਤੇ ਪਰਲੋਕ ਦੋਵੇਂ ਸੁਹੇਲੇ ਹੋ ਜਾਣਗੇ।

ਅੰਤ ਵਿਚ ਗੁਰੂ ਅਰਜਨ ਦੇਵ ਜੀ ਮਾਂ ਦੇ ਰੂਪ ਵਿਚ ਹੋ ਕੇ ਹਰ ਮਾਂ ਨੂੰ ਆਪਣੇ ਪੁੱਤਰ ਨੂੰ ਏਦਾਂ ਦੀ ਆਸੀਸ ਦੇਣ ਦੀ ਜਾਚ ਦਸਦੇ ਹਨ।

ਗੁਜਰੀ ਮਹਲਾ 5

ਜਿਸ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ॥
ਸੋ ਹਰਿ ਹਰਿ ਤੁਮ ਸਦ ਹੀ ਜਾਪਹੁ ਜਾਕਾ ਅੰਤ ਨਾ ਪਾਰੋ॥੧॥
ਪੂਤਾ ਮਾਤਾ ਕੀ ਆਸੀਸ॥
ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥੧॥ਰਹਾਉ॥
ਸਤਿਗੁਰ ਤੁਮ ਕਉ ਹੋਇ ਦਇਆਲਾ ਸੰਤ ਸੰਗ ਤੇਰੀ ਪ੍ਰੀਤਿ॥
ਕਾਪੜ ਪਤਿ ਪਰਮੇਸਰ ਰਾਖੀ ਭੋਜਨ ਕੀਰਤਨ ਨੀਤਿ॥੨॥
ਅੰਮ੍ਰਿਤੁ ਪੀਵਹੁ ਸਦਾ ਚਿਰ ਜੀਵਹੁ ਹਰਿ ਸਿਮਰਤ ਅਨਦ ਅਨੰਦਾ॥
ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ॥੩॥
ਭਵਰ ਤੁਮਹਾਰਾ ਇਹ ਮਨ ਹੋਵਉ ਹਰਿ ਚਰਣਾ ਹੋਹੁ ਕਉਲਾ॥
ਨਾਨਕ ਦਾਸ ਉਨ ਸੰਗਿ ਲਪਟਾਇਉ ਜਿਉ ਬੂੰਦਹਿ ਚਾਤ੍ਰਿਕ ਮਉਲਾ॥੪॥੩॥੪॥

ਅਰਥ ਵਿਆਖਿਆ :

ਹੇ ਪੁੱਤਰ ! ਜਿਸ ਪਰਮਾਤਮਾ ਨੂੰ ਸਿਮਰਦਿਆਂ ਸਭ ਪਾਪ ਦੂਰ ਹੋ ਜਾਂਦੇ ਹਨ, ਪਿਤਰਾਂ ਦਾ ਉਧਾਰ ਹੋ ਜਾਂਦਾ ਹੈ ਅਤੇ ਜਿਸ ਪਰਮਾਤਮਾ ਦਾ ਕੋਈ ਅੰਤ ਨਹੀਂ ਹੈ, ਉਸ ਨੂੰ ਤੂੰ ਸਦਾ ਸਿਮਰਦਾ ਰਹੁ ॥੧॥

ਹੇ ਪੁੱਤਰ ! ਤੈਨੂੰ ਮੇਰੀ ਆਸੀਸ ਹੈ ਕਿ ਅਖ ਝੁਮਕਣ ਜਿੰਨੇ ਸਮੇਂ ਲਈ ਵੀ ਤੈਨੂੰ ਪਰਮਾਤਮਾ ਨਾ ਵਿਸਰੇ, ਅਤੇ ਇਸ ਜਗਤ ਦੇ ਮਾਲਕ ਨੂੰ ਸਦਾ ਜਪਦਾ ਰਹੁ ॥੧॥ਰਹਾਉ॥

ਹੇ ਪੁੱਤਰ ! ਸਤਿਗੁਰੂ ਜੀ ਸਦਾ ਤੇਰੇ ਤੇ ਦਇਆਲੂ ਰਹਿਣ॥ ਸੰਤਾਂ ਨਾਲ ਸਦਾ ਤੇਰੀ ਪ੍ਰੀਤ ਬਣੀ ਰਵੇ। ਤੇਰਾ ਕੱਪੜਾ ਇਹ ਹੋਵੇ ਕਿ ਪਰਮੇਸਰ ਤੇਰੀ ਪਤਿ ਬਣਾਈ ਰੱਖੇ ਅਤੇ ਪਰਮਾਤਮਾ ਦਾ ਕੀਰਤਨ ਤੇਰਾ ਨਿਤ ਦਾ ਭੋਜਨ ਭਾਵ ਖੁਰਾਕ ਹੋਵੇ॥ ੨॥

ਹੇ ਪੁੱਤਰ ! ਤੁਸੀਂ ਅੰਮ੍ਰਿਤ ਰੂਪ ਨਾਮ ਰਸ ਪੀਂਦੇ ਰਹੁ। ਸਦਾ ਲਈ ਚਿਰਾਂ ਤੀਕ ਜੀਉਂਦੇ ਰਹੁ। ਪਰਮਾਤਮਾ ਦਾ ਨਾਮ ਜਪਦਿਆਂ ਅਨੰਤ ਹਰੀ ਦਾ ਰੰਗ ਮਾਣਦੇ ਰਹੁ। ਰੰਗ ਤਮਾਸ਼ਾ ਇਹ ਹੋਵੇ (ਭਾਵ ਝੂਠੇ ਰੰਗ ਤਮਾਸ਼ੇ ਵੇਖਣ ਦੀ ਥਾਂ) ਨਾਮ ਜਪਦਿਆਂ ਤੇਰੀਆਂ ਸਾਰੀਆਂ ਆਸਾਂ ਮੁਰਾਦਾਂ ਪੂਰੀਆਂ ਹੋਣ ਅਤੇ ਕਦੇ ਚਿੰਤਾ ਤੈਨੂੰ ਨਾ ਸਤਾਵੇ॥੩॥

ਹੇ ਪੁੱਤਰ ! ਹਰੀ ਦੇ ਚਰਣ ਕਮਲ ਫੁੱਲ ਹੋਣ ਅਤੇ ਤੇਰਾ ਮਨ ਉਹਨਾਂ ਚਰਣ ਕਮਲ ਰੂਪੀ ਫੁੱਲਾਂ ਦਾ ਭੌਰਾ ਬਣਿਆ ਰਵ੍ਹੇ॥ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਹੇ ਪੁੱਤਰ ! ਤੂੰ ਦਾਸ ਬਣਕੇ ਉਹਨਾਂ ਚਰਣ ਕਮਲਾਂ ਨਾਲ ਏਦਾਂ ਲਿਪਟਿਆ ਰਵ੍ਹੇਂ ਜਿਵੇਂ ਚਾਤ੍ਰਕ (ਪਪੀਹਾ) ਸ੍ਵਾਤੀ ਬੂੰਦ ਮਉਲਿਆ (ਖਿੜਿਆ) ਰਹਿੰਦਾ ਹੈ॥੪॥

303/Emp. 26, Naptune Bldg. Evershine Millennium Paradise
Thakur Village, Kandivli (E) Mumbai - 400101
Mobile : 022-28858432

Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet

For Free Home Delivery
(above Rs. 100/-)

CHD 2723333 SALAD BAR 2723222
PKL 2579888 MOH 2264300

SCO 76-79,(First Floor) Sector 17-E, Chandigarh. Tel: 272322, 2723111, 2704858

PEPSI

CONTAINS NO FRUIT / CONTAINS ADDED FLAVOUR

ਗੁਰੂ ਨਾਨਕ ਦੇਵ ਜੀ ਦੀ ਕਾਵਿ-ਸੰਗੀਤ ਕਲਾ

ਡਾ. ਹਰਬੰਸ ਸਿੰਘ

"ਰਾਗੁ ਨਾਦੁ ਨਹੀਂ ਦੂਜਾ ਭਾਉ॥
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ॥"
ਮ.੧, ਰਾਗੁ ਆਸਾ, ਪਦੇ

ਰਾਗ ਤਾਲ-ਯੋਜਨਾ ਹੈ ਅਤੇ ਕਾਵਿ ਲਯ-ਯੋਜਨਾ। ਤਾਲ ਕਾਲ-ਪ੍ਰਬੰਧ ਆਧਾਰਿਤ ਹੈ ਜੋ ਨਾਦ ਨੂੰ ਲਯ-ਯੁਕਤ ਕਰਦਾ ਹੈ ਇਉਂ ਲਯ ਰਾਗ ਅਤੇ ਕਾਵਿ ਦੋਹਾਂ ਵਿਚ ਹੋਣ ਕਰਕੇ ਠੀਕ ਹੀ ਕਵੀ ਅਤੇ ਸੰਗੀਤਕਾਰ ਨੂੰ ਭਰੱਪਨ (brotherhood) ਵਿਚ ਮਿਲਾਉਂਦੀ ਹੈ। (Rhythm connects the musician and the poet into a brother hood"-Raja Surindra Mohun Tagore, Universal History of Music, The Chowkkamba Sanskrit Series Office, Varanasi-I, 1963, P-6) ਭਾਰਤੀ ਪਰੰਪਰਾ ਅਨੁਸਾਰ ਵੀ 'ਭਾਰਤੀ ਰਾਗੀ ਕਵੀ ਹੈ, ਅਤੇ ਕਵੀ ਰਾਗੀ ਹੈ ("The Indian singer is a poet, and the poet is a singer", - Ananda Coomarswamy, 'The Dance of Shiva', Asia Publishering House Bombay, 1956, p. 109) ਅਤੇ ਰਾਗੀ 'ਸੰਗੀਤਕਾਰ' (The more essentially the singer is a musician, however, the more the words are regarded merely as the vehicle of the musician art-song the words are always brief, voicing a mood rather than telling any story...The voice itself is a musical instrument and the song is more than the words of the song." Ibid., pp. 109-110) ਹੈ ਅਤੇ ਇਉਂ ਕਵੀ ਦੇ ਸ਼ਬਦ ਸੁਭਾਵਿਕ ਸੰਗੀਤ-ਬੱਧ ਹੋ ਜਾਂਦੇ ਹਨ। ਅਜਿਹੇ ਸੰਗੀਤ-ਬੱਧ ਸ਼ਬਦ ਕਿਸੇ ਕਥਾ ਦੀ ਗਾਥਾ ਨਾਲੋਂ ਧੁਨੀ-ਪ੍ਰਵਾਹਿਕ ਭਾਵ ਨੂੰ ਅੰਕਿਤ ਕਰਦੇ ਹਨ। ਇਹ 'ਧੁਨੀ-ਪ੍ਰਵਾਹ-ਭਾਵ' ਸਾਧਾਰਨ ਕਾਵਿ-ਸ਼ਬਦਾਂ ਨਾਲੋਂ ਕੁਝ ਅਧਿਕ ਮਹੱਤਵ ਰੱਖਦਾ ਹੈ ਜਿਸ ਨੂੰ ਗੁਰੂ ਨਾਨਕ ਦੇਵ 'ਨਾਦ' (ਰਾਗ ਨਾਦੁ ਨਹੀਂ ਦੂਜਾ ਭਾਉ॥ ਇਤੁ ਰੰਗ ਨਾਚਹੁ ਰਖਿ ਰਖਿ ਪਾਉ॥-ਮ. ੧, ਰਾਗੁੀਂ ਆਸਾ, ਪਦੇ) ਪਰਿਸਥਿਤੀ ਬਖਸ਼ਦੇ ਹਨ। ਗੁਰੂ ਨਾਨਕ ਦੇਵ ਕਵੀ ਹਨ, ਰਾਗੀ ਹਨ, ਢਾਡੀ ਹਨ। ਰਾਗ ਅਨੁਸਾਰ ਸ਼ਬਦ-ਬੀੜਨਾ ਉਹਨਾਂ ਦਾ ਸੁਭਾਅ ਬਣ ਗਿਆ ਹੈ। ਸ਼ਬਦ ਨੂੰ ਰਬਾਬ ਵਿਚ ਪਾਉਣ ਦੇ ਉਹ ਪ੍ਰਬੀਨ ਹਨ।1 (ਪੁਰਾਤਨ ਜਨਮ ਸਾਖੀ) ਅਸੀਂ ਜੇਕਰ ਗੁਰੂ ਨਾਨਕ ਦੇਵ ਕਵੀ (ਸ਼ਾਇਰ) ਨੂੰ 'ਰਾਗੀ' ਜਾਂ ਸੰਗੀਤਕਾਰ ਨਾਲੋਂ ਵੱਖ ਚਿਤਵੀਏ ਤਾਂ ਇਹ ਅਨਿਆ ਹੀ ਹੋਵੇਗਾ। ਗੁਰੂ ਨਾਨਕ ਦੇਵ ਕਾਵਿ ਨੂੰ ਸੰਗੀਤ ਉਪਯੋਗੀ ਨਾਦ ਦੇ ਸਾਮਾਨ ਲੈ ਆਉਂਦੇ ਹਨ। ਦੋਹਾਂ ਦੀਆਂ ਪਰਿਸਥਿਤੀਆਂ ਅਭੇਦਤ ਹੋ ਗਈਆਂ ਹਨ, ਅਸੀਂ ਇਹਨਾਂ ਦੋਹਾਂ ਦੀਆਂ ਹੱਦਾਂ ਲੱਭ ਕੇ ਵਿਚਕਾਰ ਲਕੀਰਾਂ ਪਾਉਣ ਤੋਂ ਅਸਮਰਥ ਹਾਂ। ਸ਼ਾਇਦ ਏਸੇ ਕਰਕੇ ਕਲਾ ਦੇ 'ਅਨੁਭਵ' ਨਾਲੋਂ ਕਲਾ ਦੀ ਪਰਿਭਾਸ਼ਾ ਪਰਿਭਾਸ਼ਤ ਕਰਨੀ ਕੁਝ ਔਖੇਰੀ ਹੁੰਦੀ ਹੈ। ਕਵੀ ਗੁਰੂ ਨਾਨਕ ਦੇਵ ਦਾ ਕਾਵਿ-ਅਨੁਭਵ 'ਸੰਗੀਤ' ਬਣ ਗਿਆ ਹੈ ਅਤੇ ਸੰਗੀਤ ਕਵਿਤਾ ਵਿਚ ਪਰਿਵਰਤ ਹੋ ਗਿਆ ਹੈ। ਦੋਹਾਂ ਦਾ ਆਧਾਰ 'ਅਨੁਭਵ' ਹੈ। ਅਨੁਭਵ ਨੂੰ ਉਹ ਤੀਖਣ ਭਾਵ ਲਹਿਰ ਵਿਚ ਸੰਭਾਲਦੇ ਹਨ, ਜੋ ਕਈ ਵਾਰ, ਪਿੰਗਲ ਜਾਂ ਵਿਆਕਰਣ ਦੇ ਨਿਯਮਾਂ ਤੋਂ ਆਕੀ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜਦ ਆਪਣੀਆਂ ਰਚਨਾਵਾਂ ਰਾਗਾਂ ਵਿਚ ਕਰ ਰਹੇ ਹਨ ਤਾਂ ਇਸ ਦਾ ਅਰਥ ਅੰਤਿਮ-ਪੱਖੀ ਇਹ ਨਹੀਂ ਕਿ ਉਹਨਾਂ ਨੇ ਸ਼ਾਸਤ੍ਰ-ਬੱਧ ਰਾਗਾਂ ਨੂੰ ਆਪਣੇ ਭਾਵ ਨਾਲ ਸੰਬੰਧਿਤ ਕੀਤਾ ਹੈ ਸਗੋਂ ਰਾਗ ਜਾਂ ਭਾਵ (emotion) ਦਾ ਪ੍ਰਗਟਾਅ ਕੀਤਾ ਹੈ। ਗੁਰੂ ਨਾਨਕ ਦੇਵ ਦਾ ਇਹ ਭਾਵ ਕਈ ਵਾਰ ਕਵਿਤਾ ਵਿਚ ਤੁਕਾਂ, ਮਾਤ੍ਰਾਂ ਦੀ ਕੈਦ ਤੋਂ ਬਾਗੀ ਹੋਇਆ ਹੈ। ਅਤੇ ਇਹੋ ਭਾਵ ਸ਼ਾਸਤ੍ਰ-ਬੱਧ ਰਾਗਾਂ ਦੀਆਂ ਸੀਮਾਵਾਂ ਤੋਂ ਸੁਤੰਤਰ ਹੋਣ ਲਈ ਵੀ ਕੋਈ ਸੰਕੋਚ ਨਹੀਂ ਕਰਦਾ। ਸ੍ਰੀ 'ਆਦਿ ਗ੍ਰੰਥ' ਸਾਹਿਬ ਵਿਚ ਅੰਕਿਤ 'ਰਾਗ ਮਾਲਾ'(ਰਾਗ ਦਾ ਹਾਰ) ਸ਼ਾਸਤ੍ਰ-ਬੱਧ ਰਾਗਾਂ ਤੋਂ ਵੱਖਰੀ ਹੈ। ਡਾ. ਚਰਣ ਸਿੰਘ ਲਿਖਦੇ ਹਨ ਕਿ 'ਰਾਗਮਾਲਾ' ਦੇ ਮੁਕਾਬਲੇ ਤੇ ਸਾਨੂੰ ਇਹ ਰਸਤਾ ਦਿੱਤਾ ਕਿ ਪ੍ਰਸਿੱਧ ਰਾਗਮਾਲਾ ਸਾਰੀਆਂ ਕਿਸਮਾਂ ਦੀਆਂ ਨਾਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ

ਭਿੰਨ ਹੈ। (ਸ੍ਰੀ ਚਰਣ ਹਰਿ ਵਿਸਥਾਰ, ਪੰਨ 76●) । ਗੁਰੂ ਨਾਨਕ ਦੇਵ ਦੇ ਰਾਗ ਵੀ ਕਿਸੇ ਰਾਗ ਸ਼ਾਸਤ੍ਰ ਅਧੀਨ ਪੂਰੀ ਤਰ੍ਹਾਂ ਢੁੱਕਦੇ ਨਹੀਂ ਅਤੇ ਨਾ ਹੀ ਰਾਗਮਾਲਾ ਵਿਚ ਰਾਗਾਂ ਦੇ ਗਾਇਨ ਲਈ ਸ਼ਾਸਤ੍ਰ-ਬੱਧ ਕੋਈ ਸੰਕੇਤ ਕੀਤਾ ਹੈ। ਸ਼ਾਇਦ ਗੁਰੂ ਨਾਨਕ ਦੇਵ ਨੇ ਇਹਨਾਂ ਰਾਗਾਂ ਵਿਚ ਹਿੰਦੂ ਅਤੇ ਮੁਸਲਮਾਨੀ ਰਾਗਾਂ ਦੇ ਸੁਭਾਵ ਨੂੰ ਪੰਜਾਬ ਦੇਸ ਦੇ ਵਾਤਾਵਰਣ ਅਨੁਕੂਲ ਢਾਲ ਲਿਆ ਹੈ, ਜਿਸ ਕਾਰਣ ਇਹ ਰਾਗ ਆਪਣੇ ਹੀ ਮੌਲਿਕ ਸੁਭਾਅ ਦੇ ਬਣ ਗਏ ਹਨ। ਸੋ ਗੁਰੂ ਨਾਨਕ ਦੇਵ ਦੇ ਕਾਵਿ ਵਾਂਗ ਰਾਗਾਂ ਤੇ ਵੀ ਭਾਵ ਦੀ ਹੀ ਪ੍ਰਧਾਨਤਾ ਕਾਇਮ ਹੈ।

ਰਾਗ ਨੂੰ ਗੁਰੂ ਨਾਨਕ ਦੇਵ 'ਨਾਦ' ਆਖਦੇ ਹਨ ਜਿੱਥੇ 'ਅਨਹਦ' ਸ਼ਬਦ (ਗੁਰਮਤਿ ਰਾਮੁ ਜਪੈ ਜਨੁ ਪੂਰਾ॥ ਤਿਤੁ ਘਟਿ ਅਨਹਤ ਬਾਜੇ ਤੂਰਾ॥- ਮ. ੧, ਰਾਗੁ ਗਉੜੀ ਗੁਆਰੇਰੀ) ਦੀ ਸਥਿਤੀ ਹੈ। ਇਹ ਰਾਗ ਦੀ ਸ਼ੁਧ ਅਵਸਥਾ ਹੈ। ਨਾਦ ਹੀ ਪਰਮ-ਸਤਿ ਹੈ। ("...Nada, is the ultimate Supreme Being..." T.V. Subba Rao, Studies in Indian Music, Asia Publishing House Lucknow, 1965, P. 211) ਇਹੋ ਹੀ ਪਰਾ-ਵਾਕ ਜਾਂ ਪਰਾ-ਸ਼ਬਦ ਦੀ ਸਥਿਤੀ ਹੈ। ਏਸੇ ਨੂੰ ਹੀ ਨਾਦ-ਬ੍ਰਹਮ ਆਖਿਆ ਜਾਂਦਾ ਹੈ। ਸ਼ੰਕਰ ਆਚਾਰੀਆ ਗਾਇਨ ਨੂੰ 'ਪਰਮਾਤਮਾ ਨੂੰ ਗਾਉਣਾ ਕਥਦਾ ਹੈ। ਵਿਸ਼ਨੂੰ ਪੁਰਾਣ ਵਿਚ ਅੰਕਿਤ ਹੈ ਕਿ 'ਸਭ ਰਾਗ ਪਰਮਾਤਮਾ ਦਾ ਭਾਗ ਹਨ ਜੋ ਧੂਨੀ ਦਾ ਰੂਪ ਲੈ ਕੇ ਆਉਂਦੇ ਹਨ।' (ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥ ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣ ਹਾਰੇ॥"-ਮ. ੧, ਜਪੁ)

ਰਾਗ ਦਾ ਸ਼ਾਬਦਿਕ ਅਰਥ 'ਰੰਗੀਣਾ' (Raga means colouring, literally, that which imparts colours in psychological sense or emotion and therefore indicates mood. It expresses and awakens certain deep feelings in the human being and even affects Nature". Enkashi Bhavani, The Dance in India Tarapore's Treasure House of Books, Bomaby-I, 1965, P 161) ਹੈ, ਮਨੋਵਿਗਿਆਨਕ ਭਾਵ ਵਿਚ ਰੰਗਿਆ ਹੁੰਦਾ ਹੈ ਅਤੇ ਜਿਸ ਦਾ 'ਭਾਵ' (mood) ਵਲ ਸੰਕੇਤ ਹੈ, ਇਹ ਮਨੁੱਖੀ ਜਗਤ ਦੇ ਡੂੰਘੇ ਭਾਵਾਂ ਨੂੰ ਪ੍ਰਗਟ ਕਰਦਾ ਅਤੇ ਜਗਾਉਂਦਾ ਹੈ। ਸੰਗੀਤ ਨੂੰ ਏਸੇ ਕਰਕੇ ਭਾਵਾਂ (Emotions) ਦੀ ਭਾਸ਼ਾ ਵੀ ਕਥਿਆ ਗਿਆ ਹੈ (Music has been called the language of emotions." Joseph Machlis, The Enjoyment of Music, W.W. Norton & Co. Inc. New York, 1963, P. 5) । ਆਨੰਦ ਕੁਮਾਰ ਸਵਾਮੀ ਵੀ ਮਨੋਵਿਗਿਆਨਕ ਪੱਖ ਤੋਂ ਰਾਗ ਨੂੰ ਜਜ਼ਬਾਤ (passion) ਆਖਦਾ ਹੈ ਜੋ ਭਾਰਤੀ ਕੰਨਾਂ ਨੂੰ ਭਾਵ (mood) ਦੇ ਸੰਕਲਪ ਵੱਲ ਪ੍ਰੇਰਦਾ ਹੈ (Psychologically the word raga, meaning colouring or passion suggests to Indian ears the idea of mood..." Ananda Coomaraswamy, The Dance of Shiva, P. 106)। ਸੋ ਇਸ ਪ੍ਰਕਾਰ ਸੰਗੀਤ ਮਨੁੱਖੀ ਅਨੁਭਵ ਨਾਲ ਸੰਬੰਧਿਤ ਹੈ ਅਤੇ ਇਹੋ ਅਨੁਭਵ ਕਵੀ, ਰਾਗੀ, ਜਾਂ ਸੰਗੀਤਕਾਰ ਲਈ ਪ੍ਰਗਟਾਵੇ ਦਾ ਵਿਸ਼ੇ ਬਣ ਜਾਂਦਾ ਹੈ। ਕਵੀ ਜਾਂ ਸੰਗੀਤਕਾਰ ਏਸੇ ਹੀ ਸਾਂਝੇ ਵਿਸ਼ੇ ਦੇ ਪ੍ਰਗਟਾਵੇ ਦੇ ਕਲਾਕਾਰ ਹਨ। ਵਿਸ਼ੈ-ਪੱਖ ਤੋਂ ਇਹ ਅੰਤਰ ਆਧਾਰਿਤ ਕਲਾਕਾਰ ਹੁੰਦੇ ਹੋਏ ਵੀ ਮਾਧਿਅਮ ਵਜੋ ਆਪਣਾ ਆਪਣਾ ਕਲਾਤਮਿਕ ਮਹੱਤਵ ਰੱਖਦੇ ਹਨ। ਮੇਰੀ ਜਾਚੇ ਇਹ ਕਹਿਣਾ ਕਿ ਸੰਗੀਤ ਕਾਵਿ ਵਿਚਲੇ ਸੰਕਲਪ ਦੇ ਸੌਂਦਰਯ ਨਾਲ ਹੀ ਸੰਬਧਤ ਹੈ, ਸ਼ਾਇਦ ਅਯੋਗ ਹੀ ਹੋਵੇਗਾ, ਇਉਂ ਅਸੀਂ ਸੰਗੀਤ ਦੇ ਅਸੀਮ ਜਗਤ ਨੂੰ ਸੀਮਤ ਕਰ ਰਹੇ ਹੋਵਾਂਗੇ।' ਸੰਗੀਤ ਵਾਸਤਵ ਵਿਚ ਕਾਵਿ-ਅਰਥਾਂ ਨਾਲ ਵੀ ਸੰਬੰਧਿਤ ਨਹੀਂ ਅਤੇ ਕੇਵਲ ਮਧੁਰ-ਧੂਨੀ ਨਾਲ ਵੀ ਨਹੀਂ। ਸੰਗੀਤ ਸੁਭਾਵਿਕ ਕੰਨ-ਰਸ ਵੀ ਨਹੀਂ। ਸੰਗੀਤ ਤਾਂ ਕੇਵਲ ਭਾਵ ਨੂੰ ਪ੍ਰਤਿਨਿਧਤ ਕਰਦਾ ਹੈ, ਕਾਵਿ ਦਾ ਸੰਕਲਪ, ਅਰਥ ਜਾਂ ਧੂਨੀ ਇਸ ਦੇ ਵਿਸ਼ੇ ਨਹੀਂ। ਸਮੁੱਚੇ ਤੌਰ ਤੇ ਅਸੀਂ ਸੰਗੀਤ ਦੇ ਵਿਸ਼ੇ ਨੂੰ ਭਾਵ-ਸੰਬੰਧਿਤ ਕਹਿਣ ਤੋਂ ਵੀ ਸੰਕੋਚ ਕਰਦੇ ਹਾਂ। ਸੰਗੀਤ ਤਾਂ ਆਪ ਹੀ ਵਿਸ਼ੇ ਰੱਖਦਾ ਹੈ। ਸ਼ਾਇਦ ਅਜੇ ਵੀ ਇਹ ਅਸਪੱਸ਼ਟ ਉਕਤੀ ਹੋਵੇ, ਸਾਨੂੰ ਇਹ ਕਹਿਣਾ ਚਾਹੀਦਾ ਹੈ ਕਿ ਸੰਗੀਤ ਭਾਵ ਦੇ ਵਿਸ਼ੇ ਤੋਂ ਵੱਖ ਨਹੀਂ। ਏਥੇ ਅਸੀਂ ਇਹ ਵੀ ਉਕਾਈ ਖਾ ਸਕਦੇ ਹਾਂ ਕਿ ਸ਼ਾਇਦ ਸੰਗੀਤ ਦਾ ਵਿਸ਼ੇ ਭਾਵ-ਵਿਸ਼ੈ ਹੈ। ਵਾਸਤਵ ਵਿਚ ਸਾਨੂੰ ਆਖਣਾ ਚਾਹੀਦਾ ਹੈ ਕਿ ਸੰਗੀਤ ਭਾਵਕ ਵਿਸ਼ੈ ਹੈ। 'ਜਪੁ' ਦੀ 'ਸੋਦਰੁ' ਵਾਲੀ ਪਉੜੀ ਵਿਚ ਅਨੇਕ ਰਾਗੀ ਰਾਗ, ਰਾਗਣੀਆਂ ਦੁਆਰਾ ਪਰਮ-ਸਤਿ ਦਾ ਗਾਇਨ ਕਰਦੇ ਹੀ ਦਰਸਾਉਂਦੇ ਹਨ (ਮ. ੧, ਜਪੁ, ਸੋਦਰੁ)। ਇਉਂ ਰਾਗ ਪਰਾ-ਸੱਚ, ਪਰਾ-ਭੌਤਿਕ ਯਥਾਰਥਿਕ ਅਵਸਥਾ ਦਾ ਨਾਂ ਹੈ ਜਿੱਥੇ 'ਤੁਰੀਆ' (ਮਾਂਡਕੂ ਉਪਨਿਸ਼ਟ) ਦੀ ਚੌਥੀ ਅਵਸਥਾ ਆਉਂਦੀ ਹੈ। ਇਹ ਚੌਥੀ ਅਵਸਥਾ, ਮਨੋਵਿਗਿਆਨਕ ਪੱਖ ਤੋਂ ਚੇਤਨ, ਅਰਧ-ਚੇਤਨ ਅਤੇ ਅਵਚੇਤਨ ਤੋਂ ਅਗਲੇਰੀ ਹੈ। ਅਰਥਾਤ ਕਵੀ ਜਾਂ ਰਾਗੀ ਦੇ ਜਾਤੀ ਵਿਅਕਤੀਤਵ ਤੋਂ ਅੱਗੇ ਸਾਮੂਹਿਕ

ਵਿਅਕਤਿਤਵ ਦੀ ਪਰਿਸਥਿਤੀ ਹੈ। ਈਸੇ ਕਰਕੇ ਰਾਗ ਜਾਤੀ ਜਜ਼ਬਾਤ ਦੇ ਹੜ੍ਹ ਤੋਂ ਪਾਰ ਹੋ ਕੇ ਇਕ ਪ੍ਰਕਾਰ 'ਧੀਰਜ' ਦੀ ਪਰਿਸਥਿਤੀ ਨੂੰ ਉਪਸਥਿਤ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦੇ ਤੁਖਾਰੀ ਰਾਗੁ (ਬਾਰਾਮਾਹ) ਵਿਚ 'ਪਿਰ' ਤੋਂ ਵਿਛੜੀ ਨਾਇਕਾ ਜਜ਼ਬਾਤੀ ਹੰਝੂ ਨਹੀਂ ਡੋਬਦੀ, ਇਕ ਅੰਤ੍ਰੀਵ ਬਿਰਹਾ-ਪਰਿਸਥਿਤੀ ਨੂੰ 'ਸਹਿਜ' ਵਿਚ ਪ੍ਰਗਟਾਇਆ ਗਿਆ ਹੈ। 'ਰਾਗੁ ਬਸੰਤ' ਵਿਚ ਨਾਇਕਾ ਦੀ ਖ਼ੁਸ਼ੀ ਸਾਧਾਰਣ ਹਾਸੇ ਨੂੰ ਨਹੀਂ ਪ੍ਰਗਟਾਉਂਦੀ, ਸਗੋਂ ਇਸ ਚਾਅ ਨੂੰ ਸਹਿਜ ਦੀ ਅਮੀਰੀ ਵਿਚ ਰੱਖਿਆ ਗਿਆ ਹੈ। (ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ॥ ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦ॥- ਮ. ੧ ਬਸੰਤ, ਰੁਤਿ ਆਈਲੇ ਸਰਸ ਬਸੰਤ ਮਾਹਿ॥ ਰੰਗਿ ਰਾਤੇ ਰਵਹਿ ਸਿ ਤੇਰੇ ਚਾਇ॥ ਕਿਸੁ ਪੂਜਾ ਚੜਾਵਉ ਲਗਉ ਪਾਇ॥- ਮ. ੧ ਰਾਗੁ ਬਸੰਤ) ਗੁਰੂ ਨਾਨਕ ਦੇਵ ਨੇ ਕਾਵਿ ਨੂੰ ਰਾਗਾਂ ਵਿਚ ਰੱਖ ਕੇ ਕਾਵਿ ਵਿਚ ਅਜਿਹੀ 'ਸਹਿਜ' ਪਰਿਸਥਿਤੀ ਪ੍ਰਾਪਤ ਕਰ ਲਈ ਹੈ, ਜਿਹੜੀ ਭਾਰਤੀ ਸੰਗੀਤ ਅਨੁਸਾਰੀ ਹੀ ਹੈ। ਏਥੇ ਅਸੀਂ ਅਨੰਦ ਕੁਮਾਰਸਵਾਮੀ ਦੀ ਟੂਕ ਦੁਆਰਾ ਆਪਣੇ ਮੱਤ ਨੂੰ ਸਪੱਸ਼ਟ ਕਰਦੇ ਹਾਂ:

'The Indian music is essentially impersonal : it reflects an emotion and an experience which are deeper and wider than the emotion or wisdom of any single individual. Its sorrow is without tears, its joy without exultation and it is passionate without any loss of serenity. It is in the deepest sence of the words all human. (Ananda Coomaraswamy, The Dance of Shiva, P. 111)

ਗੁਰੂ ਨਾਨਕ ਦੇਵ ਦਾ ਇਉਂ ਰਾਗ ਅਨੰਤਗਤ ਅਤੇ ਅਟੱਲ ਹੋ ਗਿਆ ਹੈ। ਵਿਅਕਤੀਗਤ ਅਸੀਮ ਭਾਵਾਂ ਨੂੰ ਉਤੇਜਿਤ ਕਰਕੇ ਰਾਗ ਵਿਚ ਪ੍ਰਗਟਾਇਆ ਜਾ ਰਿਹਾ ਹੈ। (What music expresses, is eternal, infinite and ideal; it does not express the passion, love, or longing of such-and such an individual on such and such an occasion, but passion, love or longing in itself and this it presents in that unlimited variety of motivations which is the exclusive and particular characteristic of music, foreign and inexpressible to any other language." - Quoted from Susan K. Langer, Philosophy in a New Key, P. 188) ਰਿਚਰਡ ਵੈਗੱਨਰ (Richard Wagner) ਦੀ ਉਪਰੋਕਤ ਸੰਗੀਤ-ਪਰਿਭਾਸ਼ਾ ਵੀ ਸਾਨੂੰ 'ਸਹਿਜ' ਦੀ ਪਰਿਸਥਿਤੀ ਵੱਲ ਹੀ ਲੈ ਕੇ ਜਾਂਦੀ ਹੈ। ਗੁਰੂ ਨਾਨਕ ਦੇਵ ਦੇ ਕਾਵਿ ਜਾਂ ਰਾਗ ਵਿਚ ਅਜਿਹੀ 'ਸਹਿਜ' ਪਰਿਵਿਰਤੀ ਹੀ ਉਹਨਾਂ ਦੇ ਕਾਵਿ ਜਾਂ ਰਾਗ ਨੂੰ ਉਦਾਤਤ੍ਰੀ (Sublime) ਕਰ ਰਹੀ ਹੈ। ਪ੍ਰਸਿੱਧ ਵਿਦਵਾਨ ਬੁਲਾਂਗ (Bullough) ਜਦੋਂ ਸੰਪੂਰਣ ਅਨੁਭਵ ਨੂੰ ਪ੍ਰਗਟਾਉਣ ਲਈ ਮਾਨਸਿਕ ਵਿੱਥ (Psychical distance) ਦੇ ਸਿਧਾਂਤ ਦਾ ਨਿਰਮਾਣ ਕਰਦਾ ਹੈ ਤਾਂ ਵਾਸਤਵ ਵਿਚ ਉਸ ਦੀ ਮਨਸ਼ਾ ਮਨੋਵਿਗਿਆਨਕ ਹੋਣ ਕਰਕੇ ਸ਼ਾਇਦ 'ਸਹਿਜ' ਦੀ ਸੇਧ ਵੱਲ ਨੂੰ ਹੀ ਵਧ ਰਹੀ ਹੋਵੇ। ਪਰ ਗੁਰੂ ਨਾਨਕ ਦੇਵ ਦਾ 'ਸਹਿਜ' ਸ਼ਬਦ ਸਮੂਹਿਕ ਅਵਚੇਤਨ ਵਿਚ ਕੁਝ ਅਧਿਕ ਹੀ ਰਮਣ ਕਰਕੇ ਸਾਡੇ ਵਿਚਾਰ ਨੂੰ ਸੰਪੂਰਨ-ਹਿੱਤ ਪ੍ਰਗਟਾ ਰਿਹਾ ਹੈ। ਗੁਰੂ ਨਾਨਕ ਦੇਵ ਦੀ ਇਸ ਸਹਿਜ-ਪਰਿਵਿਰਤੀ ਨੇ ਹੀ ਉਹਨਾਂ ਦੇ ਰਾਗ ਨੂੰ 'ਨਾਦ', ਅਨਹਤ-ਸ਼ਬਦ, ਸਤਿ, ਅਟਲ, ਅਨੰਤ ਵਿਚ ਰੱਖ ਕੇ ਉਦਾਤਤ੍ਰੀ ਕਰ ਦਿੱਤਾ ਹੈ।

(ਚਲਦਾ)

ਪੁਸਤਕ :
'ਗੁਰੂ ਨਾਨਕ ਦੇਵ ਜੀ ਦੀ ਕਾਵਿ-ਕਲਾ' ਵਿਚੋਂ
ਧੰਨਵਾਦ ਸਹਿਤ :

THE SIKH REVIEW
(A Monthly Magazine)

116, Karnani Mansion
25-A, Park Street, Kolkata

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

ਗੁਰਸਿੱਖ ਸੰਜੋਗ ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

ਬਹੁਭਾਂਤੀ ਸ਼ਖਸੀਅਤ

ਭਾਈ ਮੋਹਨ ਸਿੰਘ ਘਾਇਲ

ਕਰਮ ਸਿੰਘ ਰਤਨ

ਭਾਈ ਮੋਹਨ ਸਿੰਘ ਘਾਇਲ, ਇਕ ਵਧੀਆ ਤੇ ਮਸ਼ਹੂਰ ਤਬਲਾਵਾਦਕ, ਸਮਾਜ ਸੇਵਕ, ਗਰੀਬਾਂ ਦੇ ਹਮਦਰਦ, ਲੋੜਵੰਦਾਂ ਦੇ ਕੰਮ ਆਉਣ ਵਾਲੇ ਅਤੇ ਕਈ ਸਿਆਸੀ ਪਾਰਟੀਆਂ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਚੱਲਣ ਵਾਲੇ ਅਤੇ ਪੰਥ ਰਤਨ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ ਦੇ (ਨੂਰੇ ਨਜ਼ਰ) ਅਤੇ ਉੱਚ ਕੋਟੀ ਦੇ ਪ੍ਰਚਾਰਕ ਤੇ ਕੀਰਤਨੀਏ ਹਨ। ਉਹਨਾਂ ਨੇ ਦਾਸ ਦੇ ਰਾਗੀ ਜੱਥੇ (ਕਰਮ ਸਿੰਘ ਰਤਨ) ਦੇ ਨਾਲ ਮਿਲ ਕੇ ਤਖਤ ਸ੍ਰੀ ਪਟਨਾ ਸਾਹਬ ਦੀ ਸੇਵਾ ਕੀਤੀ। ਇਸ ਤੋਂ ਇਲਾਵਾ ਆਪ ਜੀ ਸਫਲ ਟਰਾਂਸਪੋਟਰ ਹਨ। ਇਤਨੇ ਗੁਣਾਂ ਦੇ ਮਾਲਿਕ ਭਾਈ ਸਾਹਿਬ ਮੋਹਨ ਸਿੰਘ ਜੀ ਨਿਮਰਤਾ ਕਾਰਨ ਆਪਣੇ ਆਪ ਨੂੰ ਗੁਰੂ ਦੇ ਦਰਬਾਰ ਵਿਚ ਢੋਲਕੀ ਵਜਾਣ ਵਾਲਾ ਹੀ ਮੰਨਦੇ ਹਨ।

ਆਪ ਜੀ ਤਬਲਾ ਵਜਾਣ ਦੇ ਵਧੀਆ ਕਲਾਕਾਰ ਹਨ। ਆਪ ਜੀ ਦੇ ਹੱਥ ਵਿਚ ਬਹੁਤ ਰਸ ਹੈ। ਆਪ ਜੀ ਜਦੋਂ ਸ਼ਬਦ ਨਾਲ ਮਿਲ ਕੇ ਅਨੰਦ ਵਿਚ ਤਬਲਾ ਵਜਾਂਦੇ ਸਨ, ਤਾਂ ਆਪ ਜੀ ਦੇ ਤਬਲੇ ਦੀ ਲੈਅ ਦੇ ਨਾਲ ਸੰਗਤਾਂ ਵੀ ਝੂਮਣ ਲੱਗ ਪੈਂਦੀਆਂ ਸਨ, ਇਤਨਾ ਮਿੱਚ ਕੇ ਲੈਅ ਵਿਚ ਖੁੱਭ ਕੇ ਜਦੋਂ ਤਬਲਾ ਵਜਾਂਦੇ ਸਨ, ਤਾਂ ਗਾਉਣ ਵਾਲਾ ਰਾਗੀ ਵੀ ਝੂਮ ਉਠਦਾ ਸੀ ਤੇ ਉਸ ਦੀ ਗਾਇਕੀ ਵਿਚ ਨਿਰਾਲਾ ਹੀ ਰੰਗ ਬੱਝ ਜਾਂਦਾ ਸੀ।

ਦਾਸ ਨੇ ਸੰਨ 1971 ਵਿਚ ਮੈਂ ਗੁਰਦੁਆਰਾ ਸਿੰਘ ਸਭਾ ਸਹਾਰਨਪੁਰ ਵਿਖੇ ਕੀਰਤਨ ਦੀ ਡਿਊਟੀ ਲੈ ਲਈ ਅਤੇ ਇਸ ਸਮੇਂ ਮੈਨੂੰ ਤਬਲੇ ਵਾਲੇ ਦੀ ਜ਼ਰੂਰਤ ਸੀ, ਮੈਨੂੰ ਇਹਨਾਂ ਬਾਰੇ ਇਹ ਤਾਂ ਪਤਾ ਸੀ ਕਿ ਭਾ. ਮੋਹਨ ਸਿੰਘ ਜੀ ਤਬਲਾ ਵਜਾਂਦੇ ਹਨ, ਪਰ ਮੈਂ ਸੁਣਿਆ ਨਹੀਂ ਸੀ, ਸੋ ਮੈਨੂੰ ਜਦੋਂ ਲੋੜ ਪਈ, ਤਾਂ ਮੈਂ ਇਹਨਾਂ ਪਾਸ, ਡੇਰਾ ਬਸੀ ਪਹੁੰਚਿਆ, ਮੈਂ ਸੋਚਿਆ ਕਿ ਚਲੋ ਜਿਹੋ ਜਿਹਾ ਵੀ ਵਜਾਣਗੇ ਕੰਮ ਤਾਂ ਚਲਾਵਾਂਗੇ। ਫਿਰ ਹੋਰ ਕੋਈ ਚੰਗਾ ਤਬਲੇ ਵਾਲਾ ਵੇਖ ਲਵਾਂਗੇ। ਇਹ ਸੋਚ ਕੇ ਮੈਂ ਇਹਨਾਂ ਨੂੰ ਬੇਨਤੀ ਕੀਤੀ ਕਿ ਤੁਸੀਂ ਮੇਰਾ ਸਾਥ ਤਬਲੇ ਤੇ ਦਿਉ, ਸਹਾਰਨਪੁਰ ਵਿਖੇ। ਇਹਨਾਂ ਮੇਰੀ ਬੇਨਤੀ ਮੰਨ ਲਈ ਤੇ ਸਾਥ ਦੇਣ ਲਈ ਸਹਾਰਨਪੁਰ ਆ ਗਏ। ਮੈਂ ਉਦੋਂ ਹਾਲੇ ਨਵਾਂ ਨਵਾਂ ਹੀ ਜੱਥਾ ਬਣਾਇਆ ਸੀ, ਤੇ ਸਹਾਰਨਪੁਰ ਸਿੰਘ ਸਭਾ ਵਿਖੇ ਪਹਿਲੇ ਭਾ. ਹਰਨਾਮ ਸਿੰਘ ਰਾਗੀ ਲੱਗੇ ਹੋਏ ਸਨ ਜੋ ਕਿ ਭਾਈ ਸਾਹਿਬ ਭਾ. ਸਮੁੰਦ ਸਿੰਘ ਜੀ ਦੇ ਸ਼ਾਗਿਰਦ ਸਨ, ਪੁਰਾਣੇ ਤੇ ਸਿਆਣੇ ਕੀਰਤਨੀਏ ਸਨ ਅਤੇ ਸਹਾਰਨਪੁਰ ਦੀ ਸੰਗਤ ਤੇ ਉਹਨਾਂ ਦਾ ਬੜਾ ਪ੍ਰਭਾਵ ਸੀ ਅਤੇ ਉਹਨਾਂ ਨੇ ਸੰਗਤ ਤੋਂ ਤਿੰਨ ਮਹੀਨੇ ਦੀ ਛੁੱਟੀ ਲਈ ਵਿਦੇਸ਼ ਜਾਣ ਵਾਸਤੇ ਉਹਨਾਂ ਦੇ ਛੁਟੀ ਦੇ ਸਮੇਂ ਤਿੰਨ ਮਹੀਨੇ ਵਾਸਤੇ ਸਾਨੂੰ ਰੱਖਿਆ ਗਿਆ। ਇਤਨੇ ਵੱਡੇ ਜੱਥੇ ਦੇ ਪ੍ਰਭਾਵ ਬਦਲੇ ਆਪਣਾ ਪ੍ਰਭਾਵ ਪਾਉਣਾ ਬੜਾ ਹੀ ਔਖਾ ਲਗਦਾ ਸੀ ਕਿਉਂਕਿ ਅਸੀਂ ਹਾਲੇ ਨਵੇਂ ਤੇ ਅਨਾੜੀ ਕੀਰਤਨੀਏ ਸਾਂ; ਭਾ. ਹਰਨਾਮ ਸਿੰਘ ਜੀ ਚਲੇ ਗਏ ਤੇ ਅਸੀਂ ਡੀਊਟੀ ਸ਼ੁਰੂ ਕਰ ਦਿੱਤੀ, ਰੋਜ਼ ਹੀ ਕੀਰਤਨ ਤੋਂ ਬਾਅਦ ਇਕ ਦੋ ਸੱਜਣ ਸਾਡੇ

Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop

THE AROMA

Premium Event Centre
Millennium Centre
Deliberations
Abhinandan
Exporama
Mind Set
Art Craft

Sector: 22 - C, Chandigarh,
Ph.: 2700045-48 **Fax :** 0172-2700051
E-mail : hotelaroma@glide.net.in
Website : www.hotelaroma.com

ਅੱਗੇ ਭਾ. ਹਰਨਾਮ ਸਿੰਘ ਰਾਗੀ ਦੇ ਕੀਰਤਨ ਬਾਰੇ ਸਾਨੂੰ ਦੱਸਣ ਕਿ ਉਹ ਇੰਝ ਕੀਰਤਨ ਕਰਦੇ ਸਨ, ਉਹ ਐਸਾ ਕੀਰਤਨ ਕਰਦੇ ਸਨ। ਤਾਂ ਅਸੀਂ ਏਹੀ ਜਵਾਬ ਦੇਂਦੇ ਸਾਂ ਕਿ ਉਹਨਾਂ ਦੇ ਤਜਰਬੇ ਦੇ ਸਾਲਾਂ ਜਿੰਨੀ ਸਾਡੀ ਹਾਲੇ ਉਮਰ ਵੀ ਨਹੀਂ ਹੋਈ। ਸੋ ਭਾਈ ਮੋਹਨ ਸਿੰਘ ਜੀ ਨੇ ਐਸਾ ਮਿੱਚ ਕੇ ਸਾਡੇ ਨਾਲ ਤਬਲਾ ਵਜਾਇਆ ਕਿ ਸਾਡੀ ਜੈ ਜੈ ਕਾਰ ਹੋ ਗਈ। ਜਦੋਂ ਇਕ ਮਹੀਨਾ ਬੀਤ ਗਿਆ ਤਾਂ ਲੋਕ ਸਾਨੂੰ ਵੀ ਭਾਈ ਹਰਨਾਮ ਸਿੰਘ ਵਾਂਗ ਪਿਆਰਨ ਅਤੇ ਸਤਿਕਾਰਨ ਲੱਗ ਪਏ।

ਭਾ. ਹਰਨਾਮ ਸਿੰਘ ਜੀ ਛੇ ਮਹੀਨੇ ਲਗਾ ਕੇ ਵਾਪਸ ਆਏ, ਤਾਂ ਅਸੀਂ ਨੈਤਿਕਤਾ ਦੇ ਆਧਾਰ ਤੇ ਅਸਤੀਫਾ ਦੇ ਦਿੱਤਾ ਕਿ ਇਸ ਸਟੇਜ ਦੇ ਮਾਲਿਕ ਹੁਣ ਵਾਪਸ ਆ ਗਏ ਹਨ, ਇਸ ਲਈ ਸਾਨੂੰ ਛੁਟੀ ਦੇ ਦਿਉ, ਤਾਂ ਸੰਗਤ ਨੇ ਰੌਲਾ ਪਾ ਦਿੱਤਾ ਕਿ ਅਸੀਂ ਭਾ. ਕਰਮ ਸਿੰਘ ਨੂੰ ਜਾਣ ਨਹੀਂ ਦੇਣਾ, ਤਾਂ ਪ੍ਰਬੰਧਕਾਂ ਨੂੰ ਦੋਵੇਂ ਹੀ ਜੱਥੇ ਰੱਖਣੇ ਪਏ। ਅਤੇ ਸਾਡੇ ਕੀਰਤਨ ਤੋਂ ਖੁਸ਼ ਹੋ ਕੇ ਸਹਾਰਨਪੁਰ ਦੀ ਸੰਗਤ ਨੇ ਹੀ ਮੈਨੂੰ ਇਹ (ਤਖੱਲਸ) ਨਾਮ 'ਰਤਨ' ਦਿੱਤਾ ਸੀ ਤੇ ਜਦੋਂ ਅਸੀਂ ਸਹਾਰਨਪੁਰ ਤੋਂ ਨੌਕਰੀ ਛੱਡ ਕੇ ਗਏ ਤਾਂ ਰੇਲਵੇ ਤੇ ਸਾਨੂੰ ਵਿਦਾਅ ਕਰਨ ਲਈ ਘੱਟੋ ਘੱਟ ਤਿੰਨ ਚਾਰ ਹਜ਼ਾਰ ਬੰਦੇ ਸੀ, ਜੋ ਸਾਨੂੰ ਫੁੱਲਾਂ ਦੇ ਹਾਰ ਪਾ ਕੇ ਤੇ ਵਿਦਾਅ ਕਰਨ ਲਈ ਆਏ ਸਨ, ਮੇਰੇ ਖਿਆਲ ਵਿਚ ਐਸਾ ਸ਼ਹਾਨਾ ਸਵਾਗਤ ਅੱਜ ਤਕ ਕਿਸੇ ਰਾਗੀ ਜੱਥੇ ਦਾ ਨਹੀਂ ਹੋਇਆ ਹੋਣਾ ਜੋ ਸਾਡਾ ਹੋਇਆ। ਏਹ ਸਭ ਕੀਰਤਨ ਦੇ ਰਸ ਦਾ ਪ੍ਰਭਾਵ ਸੀ, ਜੋ ਕਿ ਭਾ. ਮੋਹਨ ਸਿੰਘ ਨੇ ਤਬਲਾ ਵਜਾ ਕੇ ਕੀਰਤਨ 'ਚ ਘੋਲਿਆ ਸੀ। ਉਸ ਤੋਂ ਬਾਅਦ ਭਾ. ਮੋਹਨ ਸਿੰਘ ਘਾਇਲ ਜੀ ਮੇਰੇ ਨਾਲ ਸੰਨ 1979 ਤਕ ਰਹੇ, ਤਕਰੀਬਨ ਅੱਠ ਸਾਲ ਅਸੀਂ ਇਕੱਠੇ ਰਹੇ ਅਤੇ ਬੰਬਈ ਵਿਖੇ, ਚਾਰ ਫਿਲਮੀ ਕਲਾਕਾਰਾਂ ਦੇ ਘਰ ਕੀਰਤਨ ਕੀਤੇ, ਜਿਹਨਾਂ ਵਿਚ ਸ: ਦਾਰਾ ਸਿੰਘ, ਅਤੇ ਬੀ. ਆਰ. ਚੋਪੜਾ ਦੇ ਸਟੂਡੀਓ, ਫਿਰ ਐਕਟਰ ਪ੍ਰਾਣ ਦੇ ਘਰ, ਅਤੇ ਇਕ ਕੀਰਤਨ ਓ. ਪੀ. ਨਯਰ ਮਿਊਜ਼ਿਕ ਡਾਇਰੈਕਟਰ ਦੇ ਘਰ, ਇਹਨਾਂ ਦਿਨਾਂ ਵਿਚ ਭਾ. ਮੋਹਨ ਸਿੰਘ ਜੀ ਘਾਇਲ ਮੇਰੇ ਨਾਲ ਸਨ ਅਤੇ ਇਹਨਾਂ ਹਸਤੀਆਂ ਦੇ ਘਰ ਕੀਰਤਨ ਕਰਨ ਵੇਲੇ ਦੀਆਂ ਫੋਟੋਆਂ ਵੀ ਮੇਰੇ ਪਾਸ ਮੌਜੂਦ ਹਨ। ਉਹਨਾਂ ਦਿਨਾਂ ਵਿਚ ਹੀ ਇਕ ਫਿਲਮ ਬਣ ਰਹੀ ਸੀ (ਚਿੱਤ ਚੋਰ) ਜਿਸ ਵਿਚ ਸੰਗੀਤ ਕਾਰ ਰਵਿੰਦਰ ਜੈਨ ਨੇ ਸੰਗੀਤ ਦਿੱਤਾ ਹੈ, ਉਸ ਫਿਲਮ ਵਿਚ ਇਕ ਗਾਣਾ ਹੈ (ਜਬ ਸ਼ਾਮ ਢਲੇ ਆਨਾ ਜਬ ਦੀਪ ਜਲੇ ਆਨਾ) ਏਹ ਟੀਊਨ ਸਾਡੇ ਉਸਤਾਦ ਭਾ. ਸੰਤੋਖ ਸਿੰਘ ਦੀ ਹੈ, ਜੋ ਸ਼ਬਦ ਹੈ (ਮੇਰੇ ਲਾਲਨ ਕੀ ਸੋਭਾ) ਏਹ ਸ਼ਬਦ ਮੈਂ ਬੀ. ਆਰ. ਚੋਪੜਾ ਦੇ ਘਰ ਪੜ੍ਹਿਆ ਸੀ ਤੇ ਰਵਿੰਦਰ ਜੈਨ ਉਥੇ ਬੈਠਾ ਕੀਰਤਨ ਸੁਣ ਰਿਹਾ ਸੀ, ਕੋਈ ਇਕ ਮਹੀਨੇ ਬਾਅਦ ਰਵਿੰਦਰ ਜੈਨ ਨਾਲ ਫਿਰ ਸਾਡੀ ਭੇਟ ਹੋਈ ਅਤੇ ਉਹਨਾਂ ਨੇ ਦੱਸਿਆ ਕਿ ਵੋਹ ਆਪ ਕੀ ਟੀਊਨ ਹਮ ਨੇ ਫਿਲਮ ਚਿੱਤਚੋਰ ਮੇਂ ਦੇਦੀ। ਇਹ ਮੇਰੇ ਕੀਰਤਨ ਵਿਚ ਇਤਨਾ ਰਸ ਪਾਉਣ ਵਾਲੇ ਭਾ. ਮੋਹਨ ਸਿੰਘ ਘਾਇਲ ਹੀ ਸਨ।

ਭਾਈ ਮੋਹਨ ਸਿੰਘ ਜੀ ਦਾ ਜਨਮ ਅਗਸਤ ਸੰਨ 1922 ਵਿਚ ਪਿੰਡ ਚੱਕ ਨੰਬਰ 6● (ਸ਼ਾਹਬਲੀ) ਤਹਿਸੀਲ ਬੁਲਵਾ ਜ਼ਿਲ੍ਹਾ ਸਰਗੋਧਾ ਪਾਕਿਸਤਾਨ ਵਿਖੇ, ਸ: ਆਤਮਾ ਸਿੰਘ ਪਿਤਾ ਅਤੇ ਮਾਤਾ ਸਤਵੰਤ ਕੌਰ ਦੇ ਘਰ ਹੋਇਆ। ਆਪ ਤੋਂ ਵੱਡੀਆਂ ਦੋ ਭੈਣਾਂ ਹਨ ਬੀਬੀ ਨਾਨਕੀ ਤੇ ਦੂਜੀ ਚਰਨਜੀਤ ਕੌਰ ਅਤੇ ਆਪ ਜੀ ਤੀਜੇ ਨੰਬਰ ਤੇ ਪਿਤਾ ਦੇ ਇਕਲੌਤੇ ਪੁੱਤਰ ਹਨ। ਆਪ ਜੀ ਹਾਲੇ 4● ਦਿਨਾਂ ਦੇ ਹੀ ਸਨ, ਪਿਤਾ ਸ: ਆਤਮਾ ਸਿੰਘ ਜੀ ਚੜ੍ਹਾਈ ਕਰ ਗਏ, ਬਾਅਦ ਵਿਚ ਮਾਤਾ ਜੀ ਦੀ ਦੇਖ ਰੇਖ ਵਿਚ ਪਲੇ ਤੇ ਵੱਡੇ ਹੋਏ। ਪਿਤਾ ਜੀ ਦੇ ਨਾ ਹੋਣ ਕਾਰਨ ਸਕੂਲ ਦੀ ਪੜ੍ਹਾਈ ਪੰਜਵੀਂ ਕਲਾਸ ਤਕ ਹੀ ਕੀਤੀ, ਸੰਨ 1932 ਤਕ ਆਪ ਜੀ ਨੇ ਸਕੂਲ ਦੀ ਪੜ੍ਹਾਈ ਕੀਤੀ, ਫਿਰ ਮਾਤਾ ਜੀ ਨੇ ਇਹਨਾਂ ਨੂੰ ਸਰਗੋਧੇ ਦੇ ਯਤੀਮ ਖਾਨੇ ਵਿਚ ਦਾਖਲ ਕਰਵਾ ਦਿੱਤਾ, ਸਰਗੋਧੇ ਯਤੀਮ ਖਾਨੇ ਵਿਚ ਭਾ. ਰਘਬੀਰ ਸਿੰਘ ਰਾਗੀ ਸਨ, ਜੋ ਕਿ ਮੇਰੇ ਨਾਨਕੇ ਪਿੰਡ ਜਫਾਪੁਰ (ਗੋਜਰੇ) ਕੋਲ ਜ਼ਿਲ੍ਹਾ ਲਾਇਲਪੁਰ ਦੇ ਸਨ, ਇਹ ਬੱਚਿਆਂ ਨੂੰ ਸਿੱਖਿਆ ਦੇਂਦੇ ਸਨ, ਉਹਨਾਂ ਤੋਂ ਭਾਈ ਮੋਹਨ ਸਿੰਘ ਜੀ ਨੇ ਪੰਜਾਬੀ ਵੀ ਪੜ੍ਹੀ, ਅਤੇ ਕੀਰਤਨ ਅਤੇ ਤਬਲੇ ਦੀ ਸਿੱਖਿਆ ਵੀ ਲਈ।

ਉਸ ਸਮੇਂ ਭਾ. ਮਾਨ ਸਿੰਘ ਜੀ ਦਾ ਰਾਗੀ ਜੱਥਾ ਸੀ, ਜਿਹਨਾਂ ਦੇ ਦੋ ਭਰਾ, ਭਾ. ਸੋਹਣ ਸਿੰਘ ਤੇ ਸਰੂਪ ਸਿੰਘ ਸਨ, ਇਹਨਾਂ ਵਿਚੋਂ ਭਾ. ਸੋਹਣ ਸਿੰਘ ਨਾਲ ਇਹਨਾਂ ਦੀ ਭੈਣ ਨਾਨਕੀ ਦੀ ਸ਼ਾਦੀ ਹੋ ਗਈ ਸੀ। ਯਤੀਮਖਾਨੇ ਤੋਂ ਵਾਪਸ ਆ ਕੇ ਭਾ. ਮੋਹਨ ਸਿੰਘ ਜੀ ਨੇ ਆਪਣੇ ਜੀਜੇ ਭਾ. ਸੋਹਣ ਸਿੰਘ ਜੀ ਪਾਸੋਂ ਪੂਰਨ ਤੌਰ ਤੇ ਤਬਲੇ ਦੀ ਸਿੱਖਿਆ ਲਈ, ਪਹਿਲੇ ਇਹਨਾਂ ਤਿੰਨਾਂ ਭਰਾਵਾਂ ਦਾ ਰਾਗੀ ਜੱਥਾ ਸੀ, ਭਾ. ਮਾਨ ਸਿੰਘ, ਸਰੂਪ ਸਿੰਘ ਤੇ ਸੋਹਣ ਸਿੰਘ ਜੀ ਦਾ ਫਿਰ ਇਹਨਾਂ ਨੇ ਭਾ. ਮੋਹਨ ਸਿੰਘ ਜੀ ਨੂੰ ਵੀ ਨਾਲ ਲੈ ਲਿਆ। ਤੇ ਚਾਰ ਬੰਦਿਆਂ ਦਾ ਜੱਥਾ ਬਣ ਗਿਆ, ਭਾ. ਮਾਨ ਸਿੰਘ ਹੈੱਡ ਰਾਗੀ, ਭਾ. ਸਰੂਪ ਸਿੰਘ ਸਹਾਇਕ ਰਾਗੀ ਅਤੇ ਭਾ. ਸੋਹਣ ਸਿੰਘ ਜੀ ਤਾਊਸ (ਦਿਲਰੁਬਾ) ਵਜਾਂਦੇ ਸਨ, ਤੇ ਭਾਈ ਮੋਹਨ ਸਿੰਘ ਜੀ ਤਬਲੇ ਦੀ ਸੇਵਾ ਕਰਦੇ ਸਨ। ਇਹ ਜੱਥਾ ਕਿਸੇ ਪ੍ਰੋਗਰਾਮ ਤੇ (ਲਾਲਾ ਮੂਸਾ) ਗਿਆ, ਤਾਂ ਉਥੇ ਗੁਰਦੁਆਰਾ

ਸਿੰਘ ਸਭਾ ਦੇ ਪ੍ਰਬੰਧਕਾਂ ਨੇ ਤੇ ਸੰਗਤ ਨੇ ਪੱਕੇ ਤੌਰ ਤੇ ਇਹ ਜੱਥਾ ਰੱਖ ਲਿਆ ਉਸ ਤੋਂ ਬਾਅਦ ਇਸ ਜੱਥੇ ਦੀ ਚੜ੍ਹਦੀ ਕਲਾ ਹੁੰਦੀ ਗਈ ਤੇ ਇਹਨਾਂ ਪਿੱਛੇ ਮੁੜ ਕੇ ਨਹੀਂ ਦੇਖਿਆ, ਇਹ ਇਸ ਜੱਥੇ ਦੀ ਪਹਿਲੀ ਨੌਕਰੀ ਸੀ, ਅਤੇ ਇਥੇ ਆਪ ਜੀ ਸੰਨ 1939 ਤੋਂ ਸੰਨ 194● ਤਕ ਦੋ ਸਾਲ ਲਾਲੇ ਮੂਸੇ ਕੀਰਤਨ ਦੀ ਸੇਵਾ ਨਿਭਾਈ, ਉਸ ਤੋਂ ਬਾਅਦ ਸੰਨ 1941 ਵਿਚ ਗੁਰਦੁਆਰਾ ਸਿੰਘ ਸਭਾ ਰਾਵਲਪਿੰਡੀ ਰਹੇ ਇਕ ਸਾਲ, ਫਿਰ ਸੰਨ 1942 ਵਿਚ ਗੁਰਦੁਆਰਾ ਮੰਡੀ ਬਹਾਉਦੀਨ, ਜ਼ਿਲ੍ਹਾ ਗੁਜਰਾਤ ਵਿਚ ਆ ਕੇ ਇਕ ਸਾਲ ਰਹੇ, ਫਿਰ ਸੰਨ 1943 ਵਿਚ ਗੁਰਦੁਆਰਾ ਪੰਜਾ ਸਾਹਿਬ ਦੋ ਮਹੀਨੇ ਕੀਰਤਨ ਦੀ ਫਰੀ ਸੇਵਾ ਕੀਤੀ, ਫਿਰ ਸੰਨ 1943 ਵਿਚ ਹੀ ਆਪ ਜੀ ਦਾ ਜੱਥਾ ਪੰਜਾ ਸਾਹਿਬ ਤੋਂ ਗੁਰਦੁਆਰਾ ਭਾ. ਜੋਗਾ ਸਿੰਘ ਪਿਸ਼ੌਰ ਵਿਖੇ ਆ ਗਏ, ਤੇ ਦੋ ਸਾਲ ਏਥੇ ਕੀਰਤਨ ਦੀ ਡਿਊਟੀ ਕੀਤੀ, ਅਤੇ ਫਿਰ ਸੰਨ 1945 ਵਿਚ ਇਹ ਘਰ ਆ ਗਏ ਤੇ ਇਕ ਸਾਲ ਆਪਣੇ ਪਿੰਡ ਹੀ ਰਹੇ ਅਤੇ ਫਿਰ ਅਪ੍ਰੈਲ 1946 ਵਿਚ ਇਹ ਰਾਗੀ ਜੱਥਾ ਗੁਰਦੁਆਰਾ ਸਿੰਘ ਸਭਾ 3 ਬਲਾਕ ਸਰਗੋਧੇ ਆ ਕੇ ਲਗ ਗਿਆ ਤੇ ਜਨਵਰੀ 1947 ਤਕ ਸਰਗੋਧੇ ਰਹੇ, ਇਹਨਾਂ ਦਿਨਾਂ ਵਿਚ ਹੀ ਆਪ ਦਾ ਰਿਸ਼ਤਾ ਹੋ ਗਿਆ, ਬੀਬੀ ਨਾਨਕੀ, ਸਪੁੱਤਰੀ ਸ. ਖਜ਼ਾਨ ਸਿੰਘ, ਮਾਤਾ ਭਿਰਾਵਾਂ ਦੇਈ ਦੀ ਬੇਟੀ, ਪਿੰਡ ਕਾਂਜਲਾ। ਜ਼ਿਲ੍ਹਾ ਸਰਗੋਧਾ ਨਾਲ ਤੈਅ ਹੋ ਗਿਆ। ਤੇ ਸੰਨ 1947 ਦੇ ਸ਼ੁਰੂ ਵਿਚ ਇਹ ਜੱਥਾ ਗੁਰਦੁਆਰਾ ਸ਼ਹੀਦ ਗੰਜ ਲਾਹੌਰ ਵਿਖੇ ਆ ਗਿਆ ਤੇ 31 ਜੁਲਾਈ ਸੰਨ 1947 ਤਕ ਏਥੇ ਡਿਊਟੀ ਕੀਤੀ, ਕਿਉਂਕਿ ਦੇਸ਼ ਵੰਡ ਦਾ ਰੌਲਾ ਪੈ ਚੁੱਕਾ ਸੀ ਸੋ ਇਹ ਜੱਥਾ ਵਾਪਸ ਪਿੰਡ ਆ ਗਿਆ। ਇਹਨਾਂ ਦੇ ਪਿੰਡ ਤੇ ਮੁਸਲਮਾਨਾਂ ਨੇ ਹੱਲਾ ਬੋਲ ਦਿੱਤਾ, ਪਰ ਸਿੰਘਾਂ ਨੇ ਡੱਟ ਕੇ ਮੁਕਾਲਬਾ ਕੀਤਾ। ਏਸ ਲੜਾਈ ਵਿਚ ਇਹਨਾਂ ਦੇ ਜੀਜੇ ਭਾਈ ਸੋਹਣ ਸਿੰਘ ਜੀ ਦੇ ਦੋਨੋਂ ਭਾਈ ਮਾਨ ਸਿੰਘ ਤੇ ਸਰੂਪ ਸਿੰਘ ਜੀ ਸ਼ਹੀਦ ਹੋ ਗਏ ਅਤੇ ਇਹ ਸਾਰੇ ਪਰਿਵਾਰ ਪਿੰਡ ਛੱਡ ਕੇ ਤੇ ਸਰਗੌਧੇ ਕੈਂਪ ਵਿਚ ਆ ਗਏ। ਰੌਲੇ ਕਰਕੇ ਮਾਹੌਲ ਨੂੰ ਵੇਖਦੇ ਹੋਏ ਇਹਨਾਂ ਦੇ ਸਹੁਰੇ ਪਰਿਵਾਰ ਨੇ ਜ਼ੋਰ ਦਿੱਤਾ ਕਿ ਤੁਸੀਂ ਵਿਆਹ ਕਰਕੇ ਕੁੜੀ ਨੂੰ ਨਾਲ ਹੀ ਲੈ ਜਾਓ, ਸੋ ਉਸ ਐਮਰਜੈਂਸੀ ਵਿਚ ਹੀ ਸਰਗੋਧੇ ਸਿੰਘ ਸਭਾ ਗੁਰਦੁਆਰੇ ਲਾਵਾਂ ਫੇਰੇ ਲੈ ਕੇ ਤੇ ਪਤਨੀ ਨੂੰ ਨਾਲ ਲੈ ਕੇ ਉਥੋਂ ਗੱਡੀ ਚੜ੍ਹ ਆਏ ਤੇ ਸਰਗੋਧੇ ਤੋਂ ਚਲ ਕੇ ਟਰੇਨ ਤੇ ਅੰਬਾਲਾ ਸ਼ਹਿਰ, ਬਲਦੇਵ ਨਗਰ ਕੈਂਪ ਵਿਚ ਆ ਗਏ। ਤੇ ਏਥੇ ਕੁਛ ਸਾਲ ਰਹੇ, ਬਾਅਦ ਵਿਚ ਆਪ ਜੀ ਦੇ ਸਾਰੇ ਪ੍ਰਵਾਰ ਜੀਜੇ ਭਾ. ਸੋਹਣ ਸਿੰਘ ਸਮੇਤ ਡੇਰਾ ਬਸੀ ਜ਼ਿਲ੍ਹਾ ਪਟਿਆਲਾ ਵਿਖੇ ਆ ਕੇ ਵਸ ਗਏ ਅਤੇ ਅੱਜ ਕਲ ਇਥੇ ਹੀ ਪੱਕੇ ਤੌਰ ਤੇ ਰਹਿ ਰਹੇ ਹਨ। ਏਥੇ ਭਾ. ਸੋਹਣ ਸਿੰਘ ਨਾਲ ਹੀ ਜੱਥੇ ਵਿਚ ਹੀ ਕੀਰਤਨ ਦੀ ਸੇਵਾ ਕਰਦੇ ਰਹੇ। ਉਸ ਤੋਂ ਬਾਅਦ ਰਾਜਪੁਰੇ ਵਾਲੇ ਮਸ਼ਹੂਰ ਤੇ ਪ੍ਰਸਿੱਧ ਉਸਤਾਦ ਕੀਰਤਨੀਏ ਸੰਤ ਕਰਤਾਰ ਸਿੰਘ ਪ੍ਰਵਾਨਾ ਜੀ ਨਾਲ ਆਪ ਜੀ ਦੀ ਮੁਲਾਕਾਤ ਹੋ ਗਈ ਤਾਂ ਸੰਤ ਕਰਤਾਰ ਸਿੰਘ ਜੀ ਨੇ ਆਪਣੇ ਨਾਲ ਤਬਲੇ ਤੇ ਲੈ ਲਿਆ ਤੇ ਪ੍ਰਵਾਨਾ ਜੀ ਨੇ ਭਾ. ਮੋਹਨ ਸਿੰਘ ਨੂੰ ਤਬਲੇ ਤੇ ਨਾਲ ਲੈ ਕੇ ਪੱਛਮੀ ਬੰਗਾਲ ਦਾ ਦੌਰਾ ਕੀਤਾ, ਤਾਂ ਉਸ ਸਮੇਂ ਭਾ. ਧਰਮ ਸਿੰਘ ਜ਼ਖਮੀ ਜੀ ਦੀ ਬੰਗਾਲ ਵਿਚ ਮਸ਼ਹੂਰੀ ਸੀ, ਭਾ. ਧਰਮ ਸਿੰਘ ਜ਼ਖਮੀ ਜੀ ਬੰਗਾਲ, ਦੀ ਸੰਗਤ ਦੀ ਮਨਾਂ ਤੇ ਛਾਏ ਹੋਏ ਸਨ। ਪਰ ਸੰਤ ਕਰਤਾਰ ਸਿੰਘ ਪਰਵਾਨਾ ਜੀ ਦੇ ਕੀਰਤਨ ਨੇ ਭਾਈ ਧਰਮ ਸਿੰਘ ਜ਼ਖਮੀ ਵਾਂਗ ਹੀ ਬੜੀ ਵਾਹ ਵਾਹ ਖੱਟੀ। ਸੰਨ 1961 ਵਿਚ ਭਾ. ਮੋਹਨ ਸਿੰਘ ਘਾਇਲ ਨੇ ਪ੍ਰਵਾਨਾ ਜੀ ਦਾ ਸਾਥ ਛੱਡ ਦਿੱਤਾ ਤੇ ਮਨ ਇਤਨਾ ਉਚਾਟ ਹੋ ਗਿਆ ਕਿ ਆਪ ਨੇ ਫੈਸਲਾ ਕਰ ਲਿਆ ਕਿ ਹੁਣ ਤਬਲਾ ਵਜਾਣਾ ਹੀ ਨਹੀਂ ਤੇ ਆਪ ਜੀ ਲੁਧਿਆਣੇ ਆ ਕੇ ਰਿਕਸ਼ਾ ਚਲਾਉਣ ਲੱਗ ਪਏ। ਸੰਨ 1961 ਤੋਂ ਲੈ ਕੇ 1965 ਤਕ ਤਕਰੀਬਨ ਚਾਰ ਸਾਲ ਰਿਕਸ਼ਾ ਚਲਾ ਕੇ ਰੋਟੀ ਕਮਾਂਦੇ ਰਹੇ। ਉਹਨੀ ਦਿਨੀ ਅਚਾਨਕ ਹੀ ਇਕ ਦਿਨ ਸ: ਗੁਰਚਰਨ ਸਿੰਘ ਟੌਹੜਾ ਨਾਲ ਆਪ ਦਾ ਮਿਲਾਪ ਹੋ ਗਿਆ। ਉਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਤ ਚੰਨਣ ਸਿੰਘ ਜੀ ਸਨ ਤੇ ਟੌਹੜਾ ਸਾਹਿਬ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਸਨ। ਟੌਹੜਾ ਸਾਹਿਬ ਰੇਲ ਤੇ ਲੁਧਿਆਣੇ ਆਏ, ਤੇ ਸਟੇਸ਼ਨੋਂ ਬਾਹਰ ਆ ਕੇ ਗੁਰਦੁਆਰਾ ਸਿੰਘ ਸਭਾ ਕਲਗੀਧਰ ਜਾਣਾ ਸੀ। ਭਾਈ ਮੋਹਨ ਸਿੰਘ ਜੀ ਦੇ ਰਿਕਸ਼ੇ ਤੇ ਆ ਬੈਠੇ ਤਾਂ ਗੁਰਦੁਆਰੇ ਆ ਕੇ ਜਦੋਂ ਟੌਹੜਾ ਸਾਹਿਬ, ਭਾਈ ਮੋਹਨ ਸਿੰਘ ਜੀ ਨੂੰ ਪੈਸੇ ਦੇਣ ਲੱਗੇ ਤਾਂ ਭਾਈ ਮੋਹਨ ਸਿੰਘ ਜੀ ਨੇ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਮੈਂ ਆਪ ਜੀ ਤੋਂ ਪੈਸੇ ਨਹੀਂ ਲੈਣੇ ਤਾਂ ਟੌਹੜਾ ਸਾਹਿਬ ਨੇ ਕਾਰਨ ਪੁੱਛਿਆ ਤਾਂ ਮੋਹਨ ਸਿੰਘ ਜੀ ਕਹਿਣ ਲੱਗੇ ਆਪ ਜੀ ਬੜੇ ਪ੍ਰਤਿਸ਼ਠ ਸੱਜਣ ਹੋ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹੋ। ਇਸ ਲਈ ਮੇਰੇ ਮਨ ਵਿਚ ਆਪ ਜੀ ਦਾ ਸਤਕਾਰ ਹੈ। ਸੋ ਮੈਂ ਆਪ ਤੋਂ ਪੈਸੇ ਨਹੀਂ ਲੈਣੇ। ਤਾਂ ਟੌਹੜਾ ਸਾਹਿਬ ਕਹਿਣ ਲੱਗੇ ਕਿ ਜੇ ਮੇਰੇ ਲਾਇਕ ਕੋਈ ਕੰਮ ਹੋਵੇ ਤਾਂ ਜ਼ਰੂਰ ਦੱਸਣਾ, ਹੱਛਾ ਇਹ ਦੱਸੋ ਕਿ ਮੈਂ ਤੁਹਾਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਲਵਾ ਦੇਵਾਂ, ਦੱਸੋ ਤੁਸੀਂ ਕਿਹੜਾ ਕੰਮ ਕਰ ਸਕਦੇ ਹੋ? ਤਾਂ ਇਹਨਾਂ ਕਿਹਾ ਕਿ ਮੈਂ ਤਬਲਾ ਵਜਾ ਲੈਂਦਾ ਹਾਂ ਅਤੇ ਪਹਿਲੇ ਚੰਗੇ ਚੰਗੇ ਰਾਗੀਆਂ ਨਾਲ ਵਜਾਇਆ ਹੈ, ਤਾਂ ਟੌਹੜਾ

ਸਾਹਿਬ ਕਹਿਣ ਲੱਗੇ, ਤਾਂ ਠੀਕ ਹੈ ਮੈਂ ਤੁਹਾਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਤਬਲੇ ਦੀ ਸੇਵਾ ਦਿਵਾ ਦੇਂਦਾ ਹਾਂ।

ਭਾਈ ਉੱਤਮ ਸਿੰਘ ਪਤੰਗ ਜੀ ਨੇ ਜੁਲਾਈ 1965 ਵਿਚ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਕੀਰਤਨ ਦੀ ਡੀਊਟੀ ਸ਼ੁਰੂ ਕੀਤੀ ਸੀ ਅਤੇ ਉਹਨਾਂ ਨੇ ਦਾਸ ਨੂੰ ਨਾਲ ਤਬਲਾ ਵਜਾਣ ਲਈ ਰੱਖਿਆ ਤੇ ਭਾਈ ਅਮੀਰ ਸਿੰਘ ਨੂੰ ਸਹਾਇਕ ਰਾਗੀ ਨਾਲ ਰੱਖਿਆ। ਸੋ ਸੰਨ 1965 ਜੁਲਾਈ ਤੋਂ ਲੈ ਕੇ 3● ਅਪ੍ਰੈਲ 1966 ਤਕ ਮੈਂ ਪਤੰਗ ਜੀ ਨਾਲ ਤਬਲਾ ਵਜਾਣ ਦੀ ਸੇਵਾ ਨਿਭਾਈ, ਉਸ ਤੋਂ ਬਾਅਦ ਮੈਂ ਏਥੋਂ ਨੌਕਰੀ ਛੱਡ ਕੇ ਦਿੱਲੀ ਚਲਾ ਗਿਆ ਤੇ ਉਥੇ ਗੁਰਦੁਆਰਾ ਸੰਤ ਪੁਰਾ ਤਿਲਕ ਨਗਰ ਨਵੀਂ ਦਿੱਲੀਵਿਖੇ, ਆਪਣਾ ਰਾਗੀ ਜੱਥਾ ਬਣਾ ਕੇ ਕੀਰਤਨ ਬਣਾ ਕੇ ਕੀਰਤਨ ਦੀ ਡਿਊਟੀ ਕਰ ਲਈ। ਮੇਰੇ ਜਾਣ ਤੋਂ ਕੁਛ ਮਹੀਨੇ ਬਾਅਦ ਟੌਹੜਾ ਸਾਹਿਬ ਨੇ, ਭਾ. ਮੋਹਨ ਸਿੰਘ ਜੀ ਨੂੰ, ਭਾ. ਉੱਤਮ ਸਿੰਘ ਪਤੰਗ ਜੀ ਨਾਲ ਤਬਲੇ ਦੀ ਸੇਵਾ ਤੇ ਲਵਾ ਦਿੱਤਾ। ਸੰਨ 1966 ਤੋ ਸੰਨ 197● ਤਕ ਆਪ ਜੀ ਨੇ ਪਤੰਗ ਜੀ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਵਿਸ ਕੀਤੀ। ਇਸ ਸਮੇਂ ਆਪ ਨੇ ਭਾਈ ਉੱਤਮ ਸਿੰਘ ਜੀ ਦੇ ਸਪੁੱਤਰਾਂ ਡਾ. ਜਾਗੀਰ ਸਿੰਘ, ਡਾ. ਬਚਿੱਤਰ ਸਿੰਘ, ਤੇ ਗੁਰਨਾਮ ਸਿੰਘ ਨੂੰ ਤਬਲੇ ਦੀ ਸਿੱਖਿਆ ਦਿੱਤੀ। ਇਹ ਤਿੰਨੇ ਭਰਾ ਭਾਈ ਮੋਹਨ ਸਿੰਘ ਘਾਇਲ ਦਾ ਬਹੁਤ ਸਤਿਕਾਰ ਕਰਦੇ ਹਨ। ਘਾਇਲ ਸਾਹਿਬ ਵੀ ਇਹਨਾਂ ਨੂੰ ਆਪਣੇ ਸਪੁੱਤਰਾਂ ਵਾਂਗ ਪਿਆਰਦੇ ਹਨ। ਫਿਰ ਭਾਈ ਮੋਹਨ ਸਿੰਘ ਜੀ ਨੇ ਸ਼੍ਰੋਮਣੀ ਕਮੇਟੀ ਦੀ ਨੌਕਰੀ ਛੱਡ ਦਿੱਤੀ, ਤੇ ਆਪ ਜੀ ਆਪਣੇ ਘਰ ਆ ਗਏ ਅਤੇ ਸੰਨ 1971 ਵਿਚ ਅਕਤੂਬਰ ਵਿਚ ਵਿਚ ਆਪ ਜੀ ਮੇਰਾ ਸਾਥ ਦੇਣ ਲਈ ਗੁਰਦੁਆਰਾ ਸਿੰਘ ਸਭਾ ਸਹਾਰਨਪੁਰ ਆ ਗਏ। ਸੋ ਸਹਾਰਨਪੁਰ ਤੋਂ ਲੈ ਕੇ ਅਗਲਾ ਹਾਲ ਮੈਂ ਪਿੱਛੇ ਲਿਖ ਚੁੱਕਾ ਹਾਂ। ਸਹਾਰਨਪੁਰ ਅਸੀਂ ਮਾਰਚ 1972 ਤਕ ਰਹੇ, ਫਿਰ ਗੁ: ਸਿੰਘ ਸਭਾ ਥਾਪਰ ਨਗਰ ਮੇਰਠ ਆ ਕੇ ਡੀਊਟੀ ਕਰ ਲਈ, ਉਥੇ ਆਪ ਜੀ ਮੇਰੇ ਨਾਲ 1973 ਤਕ ਰਹੇ। 1974 ਵਿਚ ਆਪ ਦੇ ਪਰਮ ਸ਼ਾਗਿਰਦ ਡਾ. ਜਾਗੀਰ ਸਿੰਘ ਨੇ ਆਪਣਾ ਰਾਗੀ ਜੱਥਾ ਬਣਾ ਲਿਆ ਅਤੇ ਗੁਰਦੁਆਰਾ ਸਿੰਘ ਸਭਾ ਸੈਕਟਰ 19-ਡੀ, ਚੰਡੀਗੜ੍ਹ ਵਿਖੇ ਕੀਰਤਨ ਕਰਨ ਲੱਗ ਪਏ। ਉਦੋਂ ਭਾਈ ਮੋਹਨ ਸਿੰਘ ਇਹਨਾਂ ਨਾਲ ਤਬਲੇ ਤੇ ਆ ਗਏ। ਇਥੇ ਆ ਕੇ ਇਹਨਾਂ ਨੇ ਸਿੱਖ ਸੰਗਤਾਂ ਦੇ ਬੱਚਿਆਂ ਨੂੰ ਫਰੀ ਕੀਰਤਨ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ। ਆਪਣੀ ਨਵੇਕਲੀ ਸਹਿਜਮਈ ਕੀਰਤਨ ਸ਼ੈਲੀ ਕਰਕੇ ਇਹ ਜੱਥਾ ਬਹੁਤ ਮਕਬੂਲ ਹੋ ਗਿਆ। ਭਾਈ ਮੋਹਨ ਸਿੰਘ ਨੂੰ ਇਥੋਂ ਦੇ ਬੱਚੇ ਬੱਚੀਆਂ ਅਜੇ ਵੀ ਯਾਦ ਕਰਦੇ ਹਨ। ਮੇਰਾ ਰਾਗੀ ਜੱਥਾ ਸੰਨ 1975 ਵਿਚ ਮੇਰਠ ਤੋਂ ਛੱਡ ਕੇ ਗੁਰਦੁਆਰਾ ਸਿੰਘ ਗਾਂਧੀ ਨਗਰ ਦਿੱਲੀ ਆ ਕੇ ਡੀਊਟੀ ਤੇ ਆ ਗਿਆ ਅਤੇ ਉਦੋਂ ਮੈਨੂੰ ਸਹਾਇਕ ਰਾਗੀ ਦੀ ਲੋੜ ਪੈ ਗਈ। ਭਾ. ਮੋਹਨ ਸਿੰਘ ਜੀ ਮੇਰੇ ਨਾਲ ਸਹਾਇਕ ਰਾਗੀ ਬਣ ਕੇ ਆ ਗਏ ਅਤੇ ਸੰਨ 1976 ਦੀ ਵੈਸਾਖੀ ਅਸੀਂ ਕੱਲਕੱਤੇ ਕੀਤੀ, ਗੁਰਦੁਆਰਾ ਸਿੰਘ ਸਭਾ ਕਲੀ ਘਾਟ, ਉਸ ਵੈਸਾਖੀ ਤੇ ਹੀ ਬਾਬਾ ਜਸਵੰਤ ਸਿੰਘ ਜੋ ਤਖਤ ਸ੍ਰੀ ਪਟਨਾ ਸਾਹਿਬ ਦੇ ਜਨਰਲ ਸਕੱਤਰ ਸਨ ਉਹਨਾਂ ਨੇ ਸਾਡਾ ਕੀਰਤਨ ਉਥੇ ਸੁਣਿਆ, ਉਹ ਉਸ ਸਮੇਂ ਕਲਕੱਤੇ ਹੀ ਰਹਿੰਦੇ ਸਨ ਤੇ ਉਹ ਸਾਨੂੰ ਕਲਕੱਤੇ ਤੋਂ ਹੀ ਪਟਨਾ ਸਾਹਿਬ ਲੈ ਗਏ ਤੇ 21 ਅਪ੍ਰੈਲ 1976 ਤੋਂ ਸਾਡੀ ਸੇਵਾ ਤਖਤ ਸ੍ਰੀ ਪਟਨਾ ਸਾਹਿਬ ਲਗ ਗਈ, ਉਹਨੀ ਦਿਨੀ ਤਖਤ ਸ੍ਰੀ ਪਟਨਾ ਸਾਹਿਬ ਸਰਾਂ ਬਣ ਰਹੀ ਸੀ, ਸੋ ਸਭਾ ਨੇ ਸਾਡੇ ਜੱਥੇ ਦੀ ਸੇਵਾ ਦੇਸ਼ ਵਿਚੋਂ ਮਾਇਆ ਉਗਰਾਹਣ ਦੀ ਸੇਵਾ ਲਾ ਦਿੱਤੀ, ਪਟਨਾ ਸਾਹਿਬ ਦੀ ਡੀਊਟੀ ਵਿਚ ਮੇਰੇ ਨਾਲ ਸਹਾਇਕ ਰਾਗੀ ਭਾ. ਮੋਹਨ ਸਿੰਘ ਜੀ ਅਤੇ ਤਬਲੇ ਤੇ ਮੇਰਾ ਛੋਟਾ ਭਾਈ, ਭਾ. ਹਰਚਨ ਸਿੰਘ ਸੀ, ਸੋ ਪਟਨਾ ਸਾਹਿਬ ਦੀ ਉਗਰਾਹੀ ਦੀ ਸੇਵਾ ਵਿਚ ਭਾ. ਮੋਹਨ ਸਿੰਘ ਮੇਰੇ ਨਾਲ ਸਹਾਇਕ ਰਾਗੀ ਦਾ ਕੰਮ ਤਾਂ ਕਰਦੇ ਹੀ ਸਨ, ਪਰ ਨਾਲ ਵਾਜੇ ਤੇ ਬੈਠੇ ਹੀ ਵਿਆਖਿਆ ਵੀ ਕਰਦੇ ਸਨ ਅਤੇ ਉਗਰਾਹੀ ਲਈ ਪ੍ਰਚਾਰ ਵੀ ਕਰਦੇ ਸਨ, ਸੋ ਉਗਰਾਹੀ ਦੀ ਸੇਵਾ ਕਰਦਿਆਂ ਤਖਤ ਸ੍ਰੀ ਪਟਨਾ ਸਾਹਿਬ ਲਈ, ਅਸੀਂ ਜੋ ਉਗਰਾਹੀ ਸ਼ੁਰੂ ਕੀਤੀ, ਉਹ ਮੁਜ਼ਫਰ ਪੁਰ ਬਿਹਾਰ ਅਤੇ ਬਿਹਾਰ ਵਿਚ ਹੀ, ਸੀਵਾਨ, ਛੱਪਰਾ, ਸਮਸਤੀਪੁਰ, ਯੂ. ਪੀ. ਵਿਚ ਗੋਰਖਪੁਰ, ਲਖਨਊ, ਕਾਨਪੁਰ, ਅਲਾਹਾਬਾਦ, ਗਰੀਡੀ ਬਿਹਾਰ, ਧੰਨਬਾਦ, ਆਸਨਸੋਲ, ਬਦਵਾਨ, ਕਲਕੱਤਾ, ਹਜ਼ਾਰੀ ਬਾਗ, ਰਾਂਚੀ, ਟਾਟਾ ਨਗਰ, ਗਇਆ, ਬੰਬਈ, ਪੂਨਾ, ਔਰੰਗਾਬਾਦ, ਹਜੂਰ ਸਾਹਿਬ ਨੰਦੇੜ, ਅਕੋਲਾ, ਖੰਡਵਾ, ਇੰਦੌਰ, ਰਤਲਾਮ, ਜੈਪੁਰ, ਜੋਧਪੁਰ, ਅਲਵਰ, ਇਹਨਾਂ ਸ਼ਹਿਰਾਂ ਵਿਚੋਂ ਲੱਖਾਂ ਰੁਪਏ ਉਗਰਾਹ ਕੇ ਸਾਡੇ ਰਾਗੀ ਜੱਥੇ ਨੇ ਤਖਤ ਸ੍ਰੀ ਪਟਨਾ ਸਾਹਿਬ ਨੂੰ ਦਿੱਤੇ ਤੇ ਸੰਨ 1977 ਜੂਨ ਤਕ ਅਸੀਂ ਤਖਤ ਸ੍ਰੀ ਪਟਨਾ ਸਾਹਿਬ ਸੇਵਾ ਕੀਤੀ, ਪਟਨਾ ਸਾਹਿਬ ਤੋਂ ਛੱਡ ਕੇ ਵਾਪਸ ਆਪਣੇ ਘਰ ਡੇਰਾ ਬਸੀ ਆ ਗਏ।

ਆਪ ਜ ਦੀਆਂ ਛੇ ਸੰਤਾਨਾਂ ਹਨ - ਸ: ਉਪਕਾਰ ਸਿੰਘ ਜਨਮ ਸੰਨ 1942, 2. ਸ: ਪਰਮਜੀਤ ਸਿੰਘ ਜਨਮ 26 ਜਨਵਰੀ 1952, 3. ਬੇਟੀ ਪਰਮਜੀਤ ਕੌਰ ਜਨਮ ਸੰਨ

1953, 4. ਬੇਟਾ ਸ: ਗੁਰਚਰਨ ਸਿੰਘ 'ਚੰਨਾ', ਜਨਮ ਸੰਨ 1955 ਬਰਦਵਾਨ ਬੰਗਾਲ 5. ਬੇਟੀ ਬਲਵਿੰਦਰ ਕੌਰ ਜਨਮ 196●, 6. ਬੇਟੀ ਪਰਵਿੰਦਰ ਕੌਰ ਜਨਮ 1966, ਸੋ ਆਪ ਜੀ ਸੰਨ 1979 ਵਿਚ ਪਟਨਾ ਸਾਹਿਬ ਤੋਂ ਛੱਡ ਕੇ, ਡੇਰਾ ਬਸੀ ਆ ਕੇ ਬੱਚਿਆਂ ਦਾ ਕਾਰੋਬਾਰ ਸੰਭਾਲ ਲਿਆ। ਆਪ ਜੀ ਦੇ ਤਿੰਨਾ ਬੇਟਿਆਂ ਪਾਸ, ਪੰਜ ਟਰੱਕ ਗੱਡੀਆਂ ਹਨ ਅਤੇ ਆਪ ਦਾ ਟਰਾਂਸ ਪੋਰਟ ਦਾ ਕੰਮ ਵਧੀਆ ਚੱਲ ਰਿਹਾ ਹੈ। ਆਪ ਜੀ ਕੁਝ ਸਮਾਂ ਰਾਜਨੀਤੀ ਵਿਚ ਵੀ ਰਹੇ, ਪਹਿਲੇ ਕਮਿਊਨਿਸਟ ਪਾਰਟੀ ਦੇ ਸਰਗਰਮ ਵਰਕਰ ਰਹੇ। ਉਸ ਤੋਂ ਬਾਅਦ ਸਮਾਜਵਾਦੀ ਪਾਰਟੀ (ਮੁਲਾਇਮ ਸਿੰਘ ਯਾਦਵ) ਦੀ ਦਿੱਲੀ ਇਕਾਈ ਦੇ ਜਨਰਲ ਸਕੱਤਰ ਰਹੇ, ਪਰ ਆਪ ਜੀ ਜਿਸ ਪਾਰਟੀ ਵਿਚ ਰਹੇ, ਸਦਾ ਹੀ ਗਰੀਬਾਂ ਦੇ ਹਮਦਰਦ ਰਹੇ ਕਿਉਂਕਿ ਆਪ ਜੀ ਦਾ ਜੀਵਨ ਵੀ ਕਾਫੀ ਗਰੀਬੀ ਵਿਚੋਂ ਲੰਘਿਆ ਸੀ। ਅਤੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਦੇ ਵੀ ਸਰਗਰਮ ਵਰਕਰ ਰਹੇ। ਸ: ਗੁਰਚਰਨ ਸਿੰਘ ਟੌਹੜਾ ਸਾਹਿਬ ਆਪ ਜੀ ਨਾਲ ਬਹੁਤ ਸਨੇਹ ਤੇ ਸਤਿਕਾਰ ਰੱਖਦੇ ਸਨ। ਆਪ ਜੀ ਅੱਜ ਕੱਲ ਆਪਣੇ ਬੱਚਿਆਂ ਪਾਸ ਡੇਰਾ ਬਸੀ ਵਿਖੇ ਰਹਿ ਰਹੇ ਹਨ। ਉਹਨਾਂ ਦਾ ਪਤਾ ਇਸ ਪ੍ਰਕਾਰ ਹੈ:

ਸ: ਮੋਹਨ ਸਿੰਘ ਘਾਇਲ ਮਾਰਫਤ ਸ: ਗੁਰਚਰਨ ਸਿੰਘ, ਹਾਊਸ ਨੰ: 1298, ਵਾਰਡ ਨੰ: 6, ਮੁਹੱਲਾ ਮੋਰਨੀ ਵਾਲਾ, ਡੇਰਾ ਬਸੀ, ਜ਼ਿਲ੍ਹਾ ਮੋਹਾਲੀ (ਪੰਜਾਬ) – 14● 5●7, ਫੋਨ : 5724●●69

425, ਸਿਮਰਨ ਨਿਵਾਸ, ਗਲੀ ਨੰ: 1, ਨਿਊ ਬਸੰਤ ਵਿਹਾਰ,
ਕਾਕੋਵਾਲ ਰੋਡ, ਲੁਧਿਆਣਾ-141 ●●8 ਫੋਨ : 9463244912

HELP NEEDY
ਹੱਥੋਂ ਦੇ ਕੇ ਪੁੰਨ ਕਮਾਈਏ
ਪਰੋਪਕਾਰ ਸੇਵਾ
SHARE THE BLESSINGS
HELP NEEDY

TO LIVE LONG
LEAD NATURAL LIFE

TO LIVE MEANINGFULL LIFE
JOIN TEAM HELP NEEDY

TO LIVE FOR EVER
DONATE

• BLOOD • EYES • TISSUES • ORGANS • WHOLE BODY

A UNIQUE GIFT OF LIFE

AN ISO 9001 - 2000 CERT. TRUST

SEWAKS' Charitable Trust (Regd.)

Regd. Office : SCO 1104 - 05, First Floor, Sector 22-B, Chandigarh-160 022

Tele : 93161-36238, 98786-36268, 98141-01806
E-mail : sewaks@sewaks-helpneedy.com, website : www.sewaks-helpneedy.com
B.O. : 2477, 15TH LANE, DASMESH NAGAR, GILL ROAD, LUDHIANA PH.: 2490820, MOB.: 98156-18154
TRUST CENTRE HARYANA : Sewaks' Sewa Centre, Lal Kothi, Village Behlon, Morni Hills, Panchkula
TRUST CENTRE PUNJAB : Medical Sewa Centre, Village Jhanjeri, P.O. Landran, Tehsil Kharar, Distt. S.A.S Nagar
ASSOCIATES : Gurmat Parsar Medical Sewa Centre, Mundi Kharar, Distt. S.A.S. Nagar (Punjab)
ASSIST-HELP : Like minded Charitable Institutes having similar Aims & Objects

IN THE SERVICE OF HUMANITY, SINCE 1994

GENDER EQUALITY IN SIKHISM

(Gurcharan Singh Jaito)

The issues which face the world in various religions can be attributed to human relations between both sexes. May it be Christianity, Hinduism, Islam or Sikhism the root causes boil down to relations between man and woman. Both sexes were equally created by the creator with specific actions and responsibilities, which are adopted naturally being natural instincts. Both must procreate together. None of them can procreate independently. Man being little stronger than woman physically, dominates. This domination so far as his duties to toil for earning bread for family, is acceptable but beyond that point when it comes to dictating, controlling and overpowering the weaker sex is naturally unacceptable. This type of aggressive behavior by man towards women is questionable. This attitude in general is also responsible to bring lot of complicated problems in various social systems and religions as well.

Pope visited Australia during july. The burning issues which need to be solved are that certain citizens were molested by Christian priests. The effected citizens met Pope to draw his attention. Not only this, there were news of priests seeking permission for gay marriages. There are many other issues too.

In Hinduism , the priests of temples and so called God men had been indulging in unnatural acts. Many examples can be quoted like religious heads getting in to rackets of handling black money to convert in white with a cut for themselves. It is ironical that they preach publicly to refrain from MAYA. Even rapes and murders took place in such religious places and the cases are in courts.

Muslims do not allow women in Masjids as it is perceived that they are unclean. There are problems faced by clergy about TALAK (divorce) issues. Indian constitution and the rights as per Muslim law do not agree and issue is hanging.

Sikhism is no exception. In first place the Deras which sprung like mushrooms in Punjab and surrounding states had been involved in all sorts of unnatural acts which can put a commoner to shame. But these Deras enjoy the patronage of politicians. Obviously the Deras get involved in vote politics as they have followers (vote Banks) whom they can direct to vote for or against any political party. The history witnessed this fact and this is one of the reasons of Deras not only getting developed due to particular religious sect but support from outside with vested interests. Even the religious body of Sikhs called mini parliament also gets involved in criticism for wrong reasons.

Sikhism, being modern and young, follows philosophy, which is natural and believes in one creator and equal status for all human beings.

Guru Gobind singh ji's following Hymn states:

ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ ਸਾਫੀ, ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ, ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ ॥

Some men are Hindu & other Muslims, among whom are Rafezis, Imams and Shafis. Know that all men are of the same caste.

All men have the same eyes, same ears, the same body, the same buildup. A compound of earth, air, fire & water." (Guru Gobind Singh Ji)

Guru Nanak's philosophy of equality for all humans was followed and further developed by the Gurus till the Guru Granth ascended Gurgaddi as eleventh Guru which has sacred Hymns written by Gurus, Bhagats, and Bhatts. Guru Nanak had clear thoughts for Humanity as he spoke/wrote what came to him from the creator:

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥

As the Word of the Forgiving Lord comes to me, so do I express it, O Lalo.

And further he expressed equality for women as well in His Hymns:

So why call her bad? From her, kings are born.

Hence the philosophy and Hymns of Guru Granth are quite clear about the equality of Humans in general and in genders specifically. Guru Amardas had carried out social reforms eliminating atrocious rituals, superstitions and useless rites, which had diseased the society to such an extent that women were forced to commit SATI (to burn herself on the pyre of her husband's dead body) All women were asked not to cover their faces while coming to congregations held by the Guru. Even women were made to head the centers for preaching the philosophy of Gurus. Thus MANJIS (cots on which the head preacher used to sit to preach) The women who were ill treated were brought up to get due respect by the Gurus to work together along with men.

Mata Sahib Deva helped and participated when Guru Gobind singh had created Khalsa at Anandpur Sahib during 1699 by putting sugar bubbles in the nectar being prepared by the Guru.

Many examples can be quoted from Sikh history where women stood side by side with warriors even fighting wars, like Mai Bago who dared to challenge the forty Sikhs who returned from battlefield leaving Guru Gobind singh in the midst of war surrounded by the Moghul forces. Mai Bhago not only survived the war but followed the Guru right up to south India at Nanded (Hazur Sahib) to support him, replacing men as well. Children were snatched from the laps of women, their infants were cut in pieces and garlands of their limbs were put around their necks. They were the brave mothers who created history as well as men and warriors could do.

While partaking Amrit the women can join, as described in Amrit Sanskar page 24. Once a women has partaken Amrit she is in no way less than any man. The rules of Sikh Rehat Maryada are same for men and women.

The times have changed unfortunately not in favor for women, so far as their equal status is concerned. The women have become better-educated and devoted on one side but are being held back from contributing in Sikh religion and religious services. Even during the times of a women president of SGPC the equal status for women to participate in religious services like performing Kirtan and carrying palanquins of Guru Granth etc. was debarred.

Recently a women Nancy botsiman from Virginia who got converted to Sikhism as Harsimrat Kaur wished to perform Kirtan in Harmandir sahib but was not allowed as President of SGPC refused without assigning any logical reason. Even very famous women performing kirtan around the world were not allowed to perform in Harmandir sahib. What to talk of this the descendants of Bhai Mardana who had been traveling thousands of miles with Guru Nanak associating with him singing Gurbani and playing on his Rabab were not allowed to enter Harmandir Sahib Amritsar due to the best known reasons to the organizers. Such controversies are not healthy for any religion, especially the one which claims that the religion is for the whole humanity of the world. Not only this there are many more issues, which are hanging fire before the religious authorities since decades. The problems keep getting piled up and increasing. Even the common man is forced to think as to why those who matter are not able to solve these issues. Recently it has been observed that political interference is affecting the pious values of Sikh religion. Thus instead of Sikh religion should develop, the younger generation is forced to rebel, as they do not get the answers to their simple questions from the religious Heads. Need of the hour is to think and bring changes to match modern times like Gurus had been doing as the times changed rather than following orthodox approach and

keep forcing the Sikhs (sehajdharis included) to follow very strict DIKTATS. Even the Hukamnamas are losing their effect when those who had signed are backing out publicly.

Then, where lies the solution, is the pertinent question. It is as simple as it seems difficult. The teachings of Guru Granth need to spread so that not only Sikhs but nonsikhs as well change with in to make this world a better place.

ਸਚੈ ਸਬਦਿ ਸਚੁ ਕਮਾਵੈ ॥
ਸਚੀ ਬਾਣੀ ਹਰਿ ਗੁਣ ਗਾਵੈ ॥
ਇਸੁ ਜਗ ਮਹਿ ਸਬਦੁ ਕਰਣੀ ਹੈ ਸਾਰੁ ॥
ਬਿਨੁ ਸਬਦੈ ਹੋਰੁ ਮੋਹੁ ਗੁਬਾਰੁ ॥
ਸਬਦੇ ਨਾਮੁ ਰਖੈ ਉਰਿ ਧਾਰਿ ॥
ਸਬਦੇ ਗਤਿ ਮਤਿ ਮੋਖ ਦੁਆਰੁ॥

Through the True Word of the Shabad, one practices Truth

He sings the Glorious Praises of the Lord, through the True Word of His Bani.

In this world, the practice of the Shabad is the most excellent occupation.

Without the Shabad, everything else is the darkness of emotional attachment.

Through the Shabad, the Naam is enshrined within the heart.

Through the Shabad, one obtains clear understanding and the door of salvation. (p1342)

*Former General Manager O.N.G.C.

250, Phase 1, S.A.S. Nagar (Mohali)
gsingh19422003@yahoo.com

ਅੰਗ ੧੧੦੮

Page 1108

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥

The month of Jayt'h is so sublime. How could I forget my Beloved?

ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ ॥

The earth burns like a furnace, and the soul-bride offers her prayer.

ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ ॥

The bride offers her prayer, and sings His Glorious Praises; singing His Praises, she becomes pleasing to God.

ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ ॥

The Unattached Lord dwells in His true mansion. If He allows me, then I will come to Him.

ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ ॥

The bride is dishonored and powerless; how will she find peace without her Lord?

ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥੭॥

O Nanak, in Jayt'h, she who knows her Lord becomes just like Him; grasping virtue, she meets with the Merciful Lord. ||7||

With best compliments from a wellwisher

"HUNGER AND SUFFERING AS SEEN THROUGH THE EYES OF A CHILD IN THE PUNJAB"

Sandeep Singh

Sandeep was angry. He did not understand his mother. "Why don't you give them some money?" His fierce pleadings sent his mother diving into her purse.

"Oh, you give something to one beggar and they all come running to you," she said irritated as a fistful of coins were passed to her beloved son. Sandeep surveyed the line of poor people moving their way up the aisle of the bus. A grey man with weary eyes held out a tin cup as he limped along. Stray curses followed him and he was clearly unwelcome the red, pus-oozing, open sores of a leper seldom found a friend. Sandeep gazed with wonder through a mind as open as space and full of light like the sun, such as only a young child may possess. He plunked his coins into the dented cans and felt sad because it didn't seem full. The sleeping eyes of the leper caught those of the child as mothers, wearing children on their hips and arms moved amongst the passengers, pleading for their babes "Bhan Ji, Bhan Ji, O sister, sister! How will I feed my children? Sister, please, "can't you spare just a little?"

Sandeep sat on the edge of the seat, giving coins to each one as they passed. Soon the bus began leaving the depot. His mother turned him in his seat, and lovingly stroked his head. Slowly, tears began to run down his cheeks, and he felt the weight of a great sadness, a deep sorrowful pain in his heart.

"My dear son, why are you crying?" said his mother, as she turned to look into his eyes! But Sandeep continued to stare at the seat in front of him.

"What will they eat?" he whispered between quiet tears that fell like an ocean into his lap. Sandeep's mother wondered about him as he sat, silently crying. She knew her son would sit like this for a long-long time, and had learned not to console him. He was too old, yet a child. Sometimes she felt he was older than her-self!

But in any city in Amritsar or Lahore, Hoshiarpur or Jullundur, there would be the beggars, with their pleading eyes and desperate voices "brother, brother! Please help me!" There were amputees, men with no legs moving about with paddles on their hands. Lepers with eyes clouded over in pain, reviled and scorned. There were dirty, hungry children crying, young girls carrying brothers on their hips, asking just a few 'paisa' for food. And there were old men and women, with ragged clothes and soft, kind voices would fold their hands and touch your feet,

pleading and not letting you leave, praising God when you had helped them.

At home in America, Sandeep used to watch the scenes on T.V., showing the children with tiny limbs and swollen bellies, starving in the droughts of Africa. When the toll-free number came on he would always look at his parents and say, “why don't you call and give some money?” Their silence always confused him. Here, in the cities of the Punjab, he was sure to have a pocketful of coins to give when the great sadness welled over his heart and he felt ready to cry.

Still, it didn't make sense. Everywhere Sandeep looked he saw fields of green crops ploughed by oxen and tractors. Large trucks were laden with bursting sacks of wheat and rice. There was always money for candy and sweets, and often his mother went to the bazaars, to buy clothes of silk and rings and jewelry of gold. Wherever they went his mother gave money to Gurudwaras and their free kitchens, but always someone was hungry. In America there was always plenty to eat in the big house Sandeep lived in. Although some children in his school got free lunches and didn't seem to have many clothes, they never complained or looked hungry to him.

But for now, Sandeep read the pain and agony on the faces he met. He saw the hurt and suffering in their eyes, and his heart was like a mirror, a looking glass reflecting from the ocean of his tears. He never would forget!

AUGUST 15, 1986 (MOTHER'S BIRTHDAY)

Mom,

Words cannot describe how much I love you. Although the older I grow, the more independent of you I become, I will always need you in that most special of human relationships, the child to its mother. Thank you for all the love, kindness, support and understanding. I think that I can understand a bit how hard and difficult it must be to raise a child. The worries and anxieties about how the child would “turn out” must be tremendous, but for what it's worth I would like to put your worries to rest by telling you that I like and respect myself and view myself in the highest regard and this is the end result (more or less) of the way you and Dad brought me up. I love you both more than you know.

Your Loving Son,

Sandeep Singh

e-mail : surinderkpuar@yahoo.com

ਗੁਰੂ ਗ੍ਰੰਥ ਰਚਨਾ

ਗੁਰਜੰਤ ਸਿੰਘ ਰਾਹੀ

1. ਸਿੱਖ ਸੰਗਤਾਂ ਨੂੰ ਆਖਿਆ ਗੁਰੂ ਅਰਜਨ, ਗੁਰੂ ਬਾਣੀ ਦਾ ਦਿਲੋਂ ਸਤਿਕਾਰ ਕਰੀ ਏ।
ਇੱਛਾਂ ਸਾਰੀਆਂ ਹੁੰਦੀਆਂ ਪੂਰੀਆਂ ਨੇ, ਜੇਕਰ ਬਾਣੀ ਦੇ ਨਾਲ ਪਿਆਰ ਕਰੀਏ।
ਬਾਣੀ ਕਰ ਇਕੱਠੀ ਪਹਿਲੇ ਸਤਿਗੁਰਾਂ ਦੀ, ਬਾਣੀ ਭਗਤਾਂ ਦੀ ਨਾਲ ਸੁਮਾਰ ਕਰੀਏ।
ਭੱਟਾਂ ਸਿੱਖਾਂ ਨੂੰ ਯੋਗ ਸਤਿਕਾਰ ਦੇ ਕੇ, ਊਚ ਨੀਚ ਦਾ ਨਾ ਵੀਚਾਰ ਕਰੀਏ।
ਜਾਤਾਂ ਧਰਮਾਂ ਦੀਆਂ ਟੱਪ ਕੇ ਵਲਗਣਾਂ ਨੂੰ, ਖਲਕਤ ਰੱਬ ਦੀ ਨਾਲ ਪਿਆਰ ਕਰੀਏ।
ਜੀਹਦੇ ਵਿਚ ਨਾ ਦੂਈ ਦਵੈਸ ਹੋਵ, 'ਰਾਹੀ' ਏਹੋ ਜਿਹਾ ਗ੍ਰੰਥ ਤਿਆਰ ਕਰੀਏ।

2. ਬਾਬਾ ਬੁੱਢਾ ਗੁਰਦਾਸ ਜੀ ਨੂੰ ਨਾਲ ਲੈ ਕੇ, ਨਾਲ ਸੰਗਤਾਂ ਦੇ ਗੋਇੰਦਵਾਲ ਚਲੇ।
ਅਮਰਦਾਸ ਗੁਰੂ ਦੇ ਪੁੱਤਰ ਨੇ ਮੋਹਨ ਬਾਬਾ, ਉਹਦੇ ਦੁਆਰੇ ਤੇ ਗੁਰੂ ਜੀ ਆਏ ਖਲੇ।
ਵਿਚ ਚੁਬਾਰੇ ਦੇ ਮੋਹਨ ਜੀ ਭਜਨ ਕਰਦੇ, ਗੁਰੂ ਅਰਜਨ ਜੀ ਬੈਠ ਗਏ ਆਏ ਥੱਲੇ।
ਸਰੰਦਾਂ ਛੇੜ ਕੇ ਗੁਰਾਂ ਨੇ ਸਬਦ ਗਾਇਆ, ਬਾਬਾ ਮੋਹਨ ਜੀ ਤੇਰੀ ਹੈ ਬੱਲੇ ਬੱਲੇ
ਤੇਰੇ ਮੰਦਰ ਚੁਬਾਰੇ ਸਭ ਸੋਭਦੇ ਨੇ, ਸਬਦ ਸੁਰਤ ਦੀ ਕੋਈ ਨਾ ਝਾਲ ਝੱਲੇ।
ਡਿਠਾ ਮੋਹਨ ਜੀ ਖੋਹਲ ਕੇ ਜਦ ਬਾਰੀ, ਗੁਰੂ ਅਰਜਨ ਜੀ ਬੈਠੇ ਨੇ ਆਪ ਥੱਲੇ।

3. ਗੁਰੂ ਅਰਜਨ ਜੀ ਬਾਣੀ ਦੀਆਂ ਪੋਥੀਆਂ ਤੋਂ, ਗੁਰੂ ਬਾਣੀ ਦਾ ਗ੍ਰੰਥ ਤਿਆਰ ਕੀਤਾ
ਮੂਲ ਮੰਤਰ ਇਕ ਓਅੰਕਾਰ ਤੋਂ ਸ਼ੁਰੂ ਕਰਕੇ, ਨਾਨਕ ਬਾਣੀ ਦਾ ਪੂਰਾ ਵਿਸਥਾਰ ਕੀਤਾ।
ਗੁਰੂ ਅੰਗਦ ਜੀ ਬਾਣੀ ਦੇ ਸਬਦ ਲੈ ਕੇ, ਅਮਰ ਦਾਸ ਜੀ ਆਨੰਦ ਤਿਆਰ ਕੀਤਾ।
ਰਾਮ ਦਾਸ ਜੀ ਗੁਰਾਂ ਨੇ ਰਚ ਲਾਵਾਂ, ਵਿਆਹ ਪੜ੍ਹਨ ਲਈ ਇਹ ਪ੍ਰਚਾਰ ਕੀਤਾ।
ਗਉੜੀ ਸੁਖਮਣੀ ਰਚ ਕੇ ਗੁਰੂ ਅਰਜਨ, ਬਾਰਾਂ ਮਾਂਹ ਵੀ ਵਿਚ ਸ਼ੁਮਾਰ ਕੀਤਾ
ਭਗਤਾਂ ਭੱਟਾਂ ਨੂੰ ਨਾਲ ਬੈਠਾਇਕੇ ਤੇ, ਨੀਵੇਂ ਉੱਚਿਆਂ ਨੂੰ ਇਕ ਸਾਰ ਕੀਤਾ।
ਜਾਤਾਂ ਪਾਤਾਂ ਤੇ ਧਰਮਾਂ ਤੋਂ ਲੰਘ ਅੱਗੇ, ਗੁਰਾਂ ਸਾਰਿਆਂ ਨਾਲ ਪਿਆਰ ਕੀਤਾ
ਸਾਰੀ ਬਾਣੀ ਨੂੰ ਇਕ ਥਾਂ ਕਰ ਕੱਠੀ, 'ਰਾਹੀ' ਗੁਰੂ ਗ੍ਰੰਥ ਜੀ ਤਿਆਰ ਕੀਤਾ।
ਹਰਮੰਦਰ ਦੇ ਵਿਚ ਪ੍ਰਕਾਸ਼ ਕਰਕੇ, ਬਾਬਾ ਬੁੱਢਾ ਜੀ ਨੂੰ ਗ੍ਰੰਥੀ ਬਣਾਇਆ ਪਹਿਲਾਂ।
ਕਾਰਜ ਸੰਤਾਂ ਦੇ ਆਪ ਖਲੋ ਜਾਂਦਾ, ਮੁੱਖ ਵਾਕ ਇਹ ਸਭ ਤੋਂ ਆਇਆ ਪਹਿਲਾਂ।
ਗੁਰੂ ਗ੍ਰੰਥ ਚੋਂ ਪੜ੍ਹ ਕੇ ਸ਼ਬਦ ਸਾਰਾ, ਕਾਰਜ ਸਾਰਾ ਹੀ ਸਿਰੇ ਚੜ੍ਹਾਇਆ ਪਹਿਲਾਂ।
ਗੁਰੂ ਅਰਜਨ ਨੇ ਆਪ ਸਿਰੰਦਾ ਲੈ ਕੇ, ਹਜੂਰੀ ਬੈਠ ਕੇ ਕੀਰਤਨ ਸੀ ਗਾਇਆ ਪਹਿਲਾਂ।
ਕੜਾਹ ਪ੍ਰਸਾਦਿ ਦੀ ਦੇਗ ਤਿਆਰ ਕਰਕੇ, ਗੁਰੂ ਗ੍ਰੰਥ ਨੂੰ ਭੋਗ ਲਵਾਇਆ ਪਹਿਲਾਂ।
ਸਾਰੀਆਂ ਸੰਗਤਾਂ ਛਕ ਪ੍ਰਸੰਨ ਹੋਈਆਂ, ਗੁਰੂ ਅਰਜਨ ਜਾਂ ਮੁੱਖ ਨੂੰ ਲਾਇਆ ਪਹਿਲਾਂ।
'ਰਾਹੀ' ਸੰਗਤਾਂ ਗ੍ਰੰਥ ਨੂੰ ਕਰਨ ਸਿਜਦੇ, ਗੁਰੂ ਅਰਜਨ ਜਾਂ ਸੀਸ ਨਿਵਾਇਆ ਪਹਿਲਾਂ।

ਗੁਰਮਤਿ ਸੰਗੀਤ ਵਿਦਿਆਲਾ, ਸੰਗਰੂਰ, ਮੋ: 9888261767

ਸੁਰ ਲਿਪੀ

ਰਾਗ-ਰਾਮਕਲੀ

ਜਬਰ ਜੰਗ ਸਿੰਘ

ਥਾਟ : ਭੈਰਉ

ਸੁਰ : ਰੇ, ਧੁ ਕੋਮਲ, ਦੋਵੇਂ ਮਧਿਅਮ (ਮ, ਮ), ਦੋਵੇਂ ਨਿਸ਼ਾਦ (ਨੀ, ਨੀ਼)

ਵਰਜਿਤ ਸੁਰ : ਆਰੋਹ ਵਿਚ ਰਿਸ਼ਭ ਕੋਮਲ (ਰੇ)

ਜ਼ਾਤੀ : ਸ਼ਾੜਵ - ਸੰਪੂਰਨ

ਵਾਦੀ ਸੁਰ : ਪੰਚਮ (ਪ)

ਸੰਵਾਦੀ ਸੁਰ : ਰਿਸ਼ਭ (ਰੇ), ਸਮਾਂ : ਦਿਨ ਦਾ ਪਹਿਲਾ ਪਹਿਰ

ਆਰੋਹ : ਸ ਗ ਮ ਪ, ਧੁ ਨੀ ਸਂ

ਅਵਰੋਹ : ਸਂ ਨੀ ਧੁ ਪ,ਮ ਧੁ ਨੀ਼ ਧੁ ਪ, ਗ ਮ ਰੇ ਸ

ਵਿਸ਼ੇਸ਼ ਸੁਰ ਸੰਗਤੀ : ਪ ਮ ਪ, ਧੁ ਨੀ਼ ਧੁ ਪ, ਗ ਮ ਰੇ ਸ

1	2	3	4	5	6	7	8	9	10	11	12	13	14	15	16
x				2				0				3			
	ਸਥਾਈ :														
					ਪ	ਮ	ਪ	ਮਪ	ਧੁਨੀ਼	ਧੁ	ਪ	ਮ	ਪ	ਗ	ਮ
					ਰੇ	ਮ	ਨ	ਐਂs	ss	ਸੋ	s	ਕ	ਰ	ਸੰ	ਨਿ
ਧੁ	–	ਪ	–	–	ਮਗ	ਰੇ	ਸ	ਗ	ਮ	ਪ	ਪ	ਗ	–	ਮ	(ਮ)
ਆ	s	ਸਾ	s	s	ਬ s	ਨ	ਸੇ	ਸ	ਦ	ਨ	ਸ	ਭੈ	s	ਕ	ਰ
ਰੇ	ਰੇ	ਸਾ	–	ਨੀ਼	ਸ	ਗ	ਮ	ਪ	–	ਪ	ਧੁ	ਸਂ	ਨੀ	ਧੁ	ਪ
ਸ	ਮ	ਝਉ	s	s	ਮ	ਨ	ਹੀ	ਮਾ	s	ਹਿ	ਉ	ਦਾ s	s s	s s	s s
ਮਪ	ਧੁਨੀ਼	ਧੁ	ਪ	–											
ਸਾ s	s s	s	s	s											
	ਅੰਤਰਾ :														
					ਪ	ਪ	ਪ	ਧੁ	ਧੁ	ਪ	ਧੁ	ਪਧੁ	ਨੀਸਂ	ਸਂ	–
					ਜ	ਤ	ਕੀ	ਜ	ਟਾ	s	ਜੋ	s s	ਗ s	ਕੋ	s
ਰੇਂ	–	ਸਂ	ਸਂ	–	ਸਂ	ਗਂ	ਮਂ	ਰੇਂ	ਰੇਂ	ਸਂ	ਸਂ	ਧੁ	–	ਧੁ	ਨੀ਼
ਮੰ	s	ਜ	ਨੁ	s	ਨੇ	ਮ	ਕੇ	ਨ	ਖ	ਨ	ਬ	ਢਾ	s	s	s
ਧੁ	–	ਪ	–	–	ਪ	ਮ	ਪ	ਮਪ	ਧੁਨੀ਼	ਧੁ	ਪ	ਗ	ਗ	ਮ	ਮ
ਉ	s	s	s	s	ਗਿਆ	ਨ	ਗੁ	ਰੂ s	s s	ਆ	s	ਤ	ਮ	ਉ	ਪ
ਰੇ	–	ਸ	–	ਨੀ਼	ਸ	ਗ	ਮ	ਪ	–	ਪ	ਪ	ਸਂ	ਨੀ	ਧੁ	ਭ
ਦੇ	s	ਸਹੁ	s	s	ਨਾ	ਮ	ਬਿ	ਭੂ	ਤ	ਲ	ਗਾ	s	s	s	s
ਮਪ	ਧੁਨੀ਼	ਧੁ	ਪ	–											
ਉs	s s	s	s	s											

Modi College, Patiala
jabarjang_singh@rediffhotmail.com

Now you can read Amrit Kirtan
& Download Kirtan of Dr. Jagir Singh from
www.amritkirtan.com

Send this information to your friends

ਰਾਮਕਲੀ ਪਤਿਸ਼ਾਹੀ 10

ਰੇ ਮਨ ਐਸੋ ਕਰ ਸਨਿਆਸਾ।
ਬਨ ਸੇ ਸਦਨ ਸਭੈ ਕਰ ਸਮਝਹੁ, ਮਨ ਹੀ ਮਾਹਿ ਉਦਾਸਾ॥
ਜਤ ਕੀ ਜਟਾ ਜੋਗ ਕੋ ਮੰਜਨੁ, ਨੇਮ ਕੇ ਨਖਨ ਬਢਾਉ।
ਗਿਆਨ ਗੁਰੂਆਤਮ ਉਪਦੇਸਹੁ, ਨਾਮ ਬਿਭੂਤ ਲਗਾਉ॥ ॥
ਅਲਪ ਅਹਾਰ ਸੁਲਪ ਸੀ ਨਿੰਦ੍ਰਾ, ਦਯਾ ਛਿਮਾ ਤਨ ਪ੍ਰੀਤਿ।
ਸੀਲ ਸੰਤੋਖ ਸਦਾ ਨਿਰਬਾਹਿਬੋ, ਹ੍ਵੈਬੋ ਤ੍ਰਿਗੁਣ ਅਤੀਤਿ ॥ 2 ॥
ਕਾਮ ਕ੍ਰੋਧ ਹੰਕਾਰ ਲੋਭ ਹਟ, ਮੋਹ ਨ ਮਨ ਸਿਉ ਲਯਾਵੈ।
ਤਬ ਹੀ ਆਤਮ ਤਤ ਕੋ ਦਰਸੈ, ਪਰਮ ਪੁਰਖ ਕਹਿ ਪਾਵੈ ॥ 3 ॥

ਰਬਾਬ

ਅੰਗ ੧੪

ang 14
Page 14

ਚੰਗਾ ਰੁਕ ਵਢਾਇ ਰਬਾਬ ਘੜਾਇਆ॥

A handsome tree got cut itself and got manufactured into a rebeck.

ਛੇਲੀ ਹੋਇ ਕੁਹਾਇ ਮਾਸ ਵੰਡਾਇਆ॥

A young goat underwent the mortification of getting killed itself; it distributed its meat among the meat-eaters.

ਆਂਦ੍ਹੂ ਤਾਰ ਬਣਾਇ ਚੰਮ ਮੜਾਇਆ॥

Its intestines were made into gut and the skin was mounted (on drum) and stitched.

ਸਾਧ ਸੰਗਤਿ ਵਿਚ ਆਇ ਨਾਦ ਵਜਾਇਆ॥

Now it is brought in the holy congregation where melody is produced on this instrument.

ਰਾਗ ਰੰਗ ਉਪਜਾਇ ਸ਼ਬਦ ਸੁਣਾਇਆ॥

It creates the melody of Raag as the Shabad is heard.

ਸਤਿਗੁਰ ਪੁਰਖ ਧਿਆਇ ਸਹਜ ਸਮਾਇਆ ॥□□॥

Any one who worships true Guru, the God, gets absorbed into the equanimity.

WWW.RETIREDSIKHS.COM

THE EXPERIENCED PEOPLE

Now you can find capable and experienced people from senior management like Managing Director , VP, GM, Air Vice Marshal, Lt Gen , Engineers , Doctors, Teachers, Bankers , Defence , Paramilitary personnels upto a clerical level person FREE OF COST from our venture in 28 countries and 140 cities of India. Lets utilize this huge talent of experienced people available to the society.

You have Practical and valuable experience earned in your lifetime. Why let it go waste just because you are retired ? Upload your biodata free of cost at www.retiredsikhs.com and somebody may need your valuable experience and you can be an asset to the society and the world. You can also look for jobs, do matrimonial of your children , advertise, social work and connect with Sikhs in 28 countries and 140 cities of India free of cost.

Contact person : Amrit Pal Singh (Entrepreneur)
Email : info@retiredsikhs.com
Mobile : 9876625076

Postal Regd. No. G/CDH/0045/2009-10 RNI Regd. No. 46788/89 ISSN 0972-2335